ਗਾਇਕ ਬਲਕਾਰ ਸਿੱਧੂ ਦੀਆਂ ਖਰੀਆਂ-ਖਰੀਆਂ

ਨਵੀਂ ਅਖਾੜਾ ਟੇਪ 'ਹੱਸਦਿਆਂ ਦੇ ਘਰ ਵੱਸਦੇ' ਵਿਚ ਰੁੱਖਾਂ, ਕੁੱਖਾਂ ਅਤੇ ਪਾਣੀਆਂ ਦੀ ਗੱਲ

ਪੰਜਾਬੀ ਸੱਭਿਆਚਾਰ ਦੇ ਠਾਠਾਂ ਮਾਰਦੇ ਸਮੁੰਦਰ 'ਚ ਠਾਠਾਂ ਮਾਰਦਾ ਮਿੱਠੇ-ਮਿੱਠੇ ਲੋਕ ਗੀਤਾਂ ਵਰਗੇ ਗੀਤਾਂ ਨੂੰ ਬਹਿਰਾਂ 'ਚ ਤੋਲਦਾ, ਸਟੇਜਾਂ ਉਤੇ ਤਾਲ ਨਾਲ ਥਿਰਕਦਾ, ਆਪਣੀ ਦਮਦਾਰ ਆਵਾਜ਼ ਨਾਲ ਸਰੋਤਿਆਂ ਦੇ ਦਿਲਾਂ ਤੇ ਰਾਜ ਕਰ ਰਿਹਾ ਹੈ। ਮਾਲਵੇ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਪੂਹਲਾ ਦਾ ਜੰਮਪਲ ਬਲਕਾਰ ਸਿੱਧੂ। ਬਲਕਾਰ ਨੇ ਆਪਣੀ ਗਾਇਕੀ ਦੌਰਾਨ ਕਦੇ ਭੇਡਚਾਲ ਵਿਚ ਵਿਸ਼ਵਾਸ ਨਹੀਂ ਰੱਖਿਆ। ਸਗੋਂ ਆਪਣਾ ਰਸਤਾ ਆਪ ਬਣਾਇਆ ਹੈ। ਪੰਜਾਬੀ ਗਾਇਕੀ ਵਿਚ ਜਦੋਂ ਕਿ ਅੱਜ ਦੋਗਾਣਾ ਗਾਇਕੀ ਦੀ ਹਨ੍ਹੇਰੀ ਆਈ ਹੋਈ ਹੈ। ਸੋਲੋ ਟੇਪ ਕਰਨਾ ਬਹੁਤ ਵੱਡਾ ਰਿਸਕ ਸਮਝਿਆ ਜਾਂਦਾ ਹੈ ਪਰ ਬਲਕਾਰ ਨੇ ਆਪਣੀ ਪਿਛਲੀ ਟੇਪ 'ਚੁਬਾਰੇ ਵਾਲਾ ਬਾਰੀ ਅਤੇ ਹੁਣ ਨਵੀਂ ਲਾਈਵ ਟੇਪ 'ਹੱਸਦਿਆਂ ਦੇ ਘਰ ਵੱਸਦੇ' ਵੀ ਸੋਲੋ ਗਾਇਕੀ ਨਾਲ ਸ਼ਿੰਗਾਰਕੇ ਸਰੋਤਿਆਂ ਦੀ ਕਚਹਿਰੀ ਵਿਚ ਭੇਜੀ ਹੈ। ਮਾਝੇ ਦੀਏ ਮੋਮਬੱਤੀਏ ਆਪਣੀ ਪਹਿਲੀ ਟੇਪ ਅਖਾੜਾ ਵਿਚ ਉੱਚੀ ਹੇਕ ਵਿਚ ਦੋਗਾਣਾ ਗਾਇਕੀ ਰਾਹੀਂ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਕਦੇ ਨਿਰੋਲ ਦੋਗਾਣਾ ਟੇਪ ਦੀ ਥਾਵੇਂ ਆਪਣੀ ਟੇਪ ਵਿਚ ਇਕ ਦੋਗਾਣਾ ਜ਼ਰੂਰ ਪਾਇਆ। ਅੱਜ ਦੇ ਗਾਇਕ ਭਾਵੇਂ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ 'ਮਿਸ ਪੂਜਾ' ਦਾ ਸਹਾਰਾ ਲੈ ਰਹੇ ਹਨ ਪਰ ਬਲਕਾਰ ਨੇ ਮਿਸ ਪੂਜਾ ਦਾ ਸਹਾਰਾ ਲੈਣ ਦੀ ਥਾਂ ਆਪਣੀ ਦਮਦਾਰ ਵਿਲੱਖਣ ਮਿੱਠੀ-ਮਿੱਠੀ ਦਿਲਕਸ਼ ਆਵਾਜ਼ ਰਾਹੀਂ ਸਰੋਤਿਆਂ ਦੇ ਦਿਲਾਂ ਤੇ ਜਾਦੂ ਜਿਹਾ ਅਸਰ ਕਰਵਾ ਕੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ ਹੈ। ਬਲਕਾਰ ਸਿੱਧੂ ਇਕ ਅੱਛਾ ਸੁਰ-ਤਾਲ ਦਾ ਗਿਆਨ ਰੱਖਣ ਵਾਲਾ ਗਾਇਕ ਹੈ ਉਥੇ ਇਕ ਨਿੱਘੇ ਸੁਭਾਅ ਵਾਲਾ ਸੱਚੀ ਗੱਲ ਮੂੰਹ 'ਤੇ ਕਹਿਣ ਵਾਲਾ ਸਖਸ਼ ਵੀ ਹੈ। ਉਥੇ ਸਮਾਜ ਸੇਵੀ ਕਾਰਜਾਂ ਵਿਚ ਹਿੱਸਾ ਪਾਉਂਦਾ ਹੈ। ਪੰਜਾਬੀ ਸੱਭਿਆਚਾਰ ਦੀ ਸੱਚੇ ਦਿਲੋਂ ਸੇਵਾ ਕਰਨ ਵਾਲੇ ਸਖਸ਼ ਵਲੋਂ ਮਾਰੀ ਪਹਿਲੀ ਹਾਕ ਨਾਲ ਹੀ ਉਸਦੇ ਦੁੱਖ-ਦਰਦ ਵਿਚ ਖੜਕੇ ਉਸਦੀ ਆਰਥਿਕ ਮੱਦਦ ਕਰਨਾ ਬਲਕਾਰ ਆਪਣਾ ਫਰਜ਼ ਸਮਝਦਾ ਹੈ। ਪੰਜਾਬੀ ਸੱਭਿਆਚਾਰ ਦੀ ਸਹੀ ਰਗ ਤੇ ਹੱਥ ਧਾਰਨ ਵਾਲੇ ਇਸ ਸ਼ਾਹ ਅਸ਼ਵਾਰ ਬਾਰੇ ਜੋ ਸਮੇਂ ਦਾ ਹੁਸੀਨ ਬਾਦਸ਼ਾਹ ਹੈ। ਜਿਹੜਾ ਇਕ ਮੀਲ ਪੱਥਰ ਵਾਂਗ ਚਿਰ-ਸਥਾਈ ਚਮਕਣ ਦਾ ਮਾਦਾ ਰਖਦਾ ਹੈ। ਉਸਦੀ ਆਵਾਜ਼ ਵਿਚਲਾ ਹੋਰਨਾਂ ਤੋਂ ਵੱਖਰਾਪਣ, ਸੁਰਾਂ ਤੇ ਉਸਦੀ ਪਕੜ, ਸੋਚ ਵਿਚ ਨਵੀਂ ਤੇ ਮਿਆਰੀ ਪੁਲਾਂਘ, ਉਸਦੇ ਪੰਜਾਬੀ ਗਾਇਕੀ ਪ੍ਰਤੀ ਗੰਭੀਰ ਹੋਣ ਦੀ ਪ੍ਰਤੱਖ ਗਵਾਹੀ ਭਰਦੀ ਹੈ। ਬਲਕਾਰ ਨੇ ਆਪਣੀ ਗਾਇਕੀ ਦੇ ਸਫ਼ਰ ਦੇ ਹਰ ਮੋੜ 'ਤੇ ਕਾਮਯਾਬੀ ਦੀਆਂ ਸਿਖਰਾਂ ਨੂੰ ਛੋਹਿਆ ਹੈ। ਬਲਕਾਰ ਨੇ ਸਾਫ਼-ਸੁਥਰੀ ਗਾਇਕੀ ਰਾਹੀਂ ਸੱਭਿਆਚਾਰ ਦੀਆਂ ਪੌਣਾਂ ਵਿਚ ਮਹਿਕਾਂ ਬਿਖੇਰੀਆਂ ਹਨ। ਬਲਕਾਰ ਦੇ ਗੀਤਾਂ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਉਸਦੇ ਨਿਰੋਲ ਪੰਜਾਬੀ ਸਾਜਾਂ ਜਿਵੇਂ ਢੋਲ, ਢੋਲਕੀ, ਤਬਲਾ, ਤੂੰਬਾ, ਅਲਗੋਜੇ, ਢੱਡ-ਸਾਰੰਗੀ ਜਿਹੇ ਲੋਕ ਸਾਜਾਂ ਦੀ ਆਪਣੇ ਗੀਤਾਂ ਵਿਚ ਵਰਤੋਂ ਕਰਕੇ ਲੋਕ ਹਿਰਦੇ ਨਾਲ ਜੁੜਿਆ ਹੈ। ਗੀਤਾਂ ਵਿਚ ਉਹ ਸਮਾਜਿਕ ਰਿਸ਼ਤਿਆਂ ਅਤੇ ਸਮਾਜਿਕ ਬੁਰਾਈਆਂ ਬਾਰੇ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਬਠਿੰਡਾ ਜ਼ਿਲ੍ਹਾ ਦੇ ਪਿੰਡ ਪੂਹਲਾ ਦੇ ਪਿਤਾ ਸ੍ਰ: ਰੂਪ ਸਿੰਘ ਸਿੱਧੂ, ਮਾਤਾ ਸ੍ਰੀਮਤੀ ਚਰਨਜੀਤ ਕੌਰ ਦਾ ਲਾਡਲਾ ਸਪੁੱਤਰ ਹੈ ਅਤੇ ਆਪਣੀ ਜੀਵਨ ਸਾਥਣ ਦਲਜਿੰਦਰਪ੍ਰੀਤ ਕੌਰ ਦਾ ਪਤੀ ਹੈ ਅਤੇ ਦੋ ਬੇਟੀਆਂ (ਸ਼ਬਦਜੋਤ, ਕਸਮਜੋਤ) ਅਤੇ ਇਕ ਬੇਟਾ ਕਾਕਾ ਕੁੰਵਰ ਸਿੱਧੂ ਦਾ ਜਿੰਮੇਵਾਰ ਬਾਪ ਹੈ। ਆਪਣੀ ਨਵੀਂ ਲਾਈਵ 'ਹੱਸਦਿਆਂ ਦੇ ਘਰ ਵਸਦੇ' ਦੇ ਸਿਲਸਿਲੇ ਵਿਚ ਬਠਿੰਡਾ ਵਿਖੇ ਪਹੁੰਚੇ ਬਲਕਾਰ ਸਿੱਧੂ ਨਾਲ ਲੇਖਕ ਗੁਰਨੈਬ ਸਾਜਨ ਦਿਓਣ ਨੇ ਜੋ ਗੱਲਬਾਤ ਕੀਤੀ ਉਹ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ :

? ਬਲਕਾਰ ਜੀ, ਤੁਸੀਂ ਸੰਗੀਤ ਪ੍ਰੇਮੀਆਂ ਨੂੰ ਪਹਿਲੀ ਟੇਪ ਕਿਹੜੀ ਦਿੱਤੀ ਅਤੇ ਤੁਹਾਡੀ ਪੰਜਾਬੀ ਗਾਇਕੀ ਵਿਚ ਪਹਿਚਾਣ ਕਿਹੜੀ ਟੇਪ ਨਾਲ ਬਣੀ ?

– ਸਾਜਨ ਵੀਰ, ਮੇਰੀ ਪਹਿਲੀ ਟੇਪ 'ਕਰਨਾ ਛੱਡਦੇ ਪਿਆਰ' ਸੀ ਇਸ ਤੋਂ ਬਾਅਦ ਮਰਹੂਮ ਗਾਇਕ ਗੁਰਚਰਨ ਚੰਨੀ ਦੀ ਟੇਪ 'ਤੇਰਾ ਪਿਆਰ ਸੋਹਣਿਆ ਵੇ' ਵਿਚ ਮੇਰੇ ਦੋ ਗੀਤ ਰਿਕਾਰਡ ਹੋਏ ਪਰ ਮੇਰੀ ਪਹਿਚਾਣ 'ਦਿਨ ਪੇਪਰਾਂ ਦੇ' ਟੇਪ ਨਾਲ ਬਣੀ।

ਗੁਰਨੈਬ ਸਾਜਨ ਦਿਓਣ

? ਇਸ ਤੋਂ ਬਾਅਦ ਕਿਹੜੀਆਂ-ਕਿਹੜੀਆਂ ਟੇਪਾਂ ਰਾਹੀਂ ਸੰਗੀਤ ਪ੍ਰੇਮੀਆਂ ਦੇ ਸਨਮੁੱਖ ਹੋਏ ?

– ਅਖਾੜਾ ਟੇਪ 'ਮਾਝੇ ਦੀਏ ਮੋਮਬੱਤੀਏ', 'ਵੱਡਿਆਂ ਘਰਾਂ ਦੇ ਕਾਕੇ', 'ਮੈਂ ਵਫ਼ਾ ਬਥੇਰੀ ਕੀਤੀ', 'ਤੂੰ ਮੇਰੀ ਖੰਡ ਮਿਸ਼ਰੀ', 'ਪਿੰਡ ਦੀ ਰੌਣਕ', 'ਵਿਛੜਿਆਂ ਦੇ ਮੇਲੇ', 'ਚਰਖ਼ੇ', 'ਆ ਜਾ ਗੰਨੇ ਚੂਪੀਏ', 'ਮਿਲਦੀਆਂ ਰਹਿਣ ਵਧਾਈਆਂ', 'ਕੱਲੇ-ਕੱਲੇ ਹੋਈਏ', 'ਦੋ ਗੱਲਾਂ ਕਰੀਏ', 'ਲੌਂਗ ਤਵੀਤੜੀਆਂ', 'ਮਹਿੰਦੀ', 'ਫੁਲਕਾਰੀ', 'ਗੱਲ ਤਾਂ ਬਣਦੀ', 'ਚੁਬਾਰੇ ਵਾਲੀ ਬਾਰੀ' ਅਤੇ ਹੁਣ ਨਵੀਂ ਟੇਪ ਅਖਾੜਾ 'ਹੱਸਦਿਆਂ ਦੇ ਘਰ ਵੱਸਦੇ' ਆਦਿ ਹਨ।

? ਤੁਸੀਂ ਕਾਲਜ ਸਮੇਂ ਖੇਡਾਂ ਵਿਚ ਮੋਹਰੀ ਰਹੇ ਹੋ, ਸ਼ੁਰੂਆਤੀ ਦਿਨਾਂ ਵਿਚ ਤੁਸੀਂ ਕਿਸ ਗਾਇਕ ਤੋਂ ਪ੍ਰਭਾਵਿਤ ਹੋਏ ?

– ਮੈਂ ਕਾਲਜ ਸਮੇਂ ਖੇਡਾਂ ਵਿਚ 800, 1500 ਮੀਟਰ ਦੀ ਦੌੜ ਮੁਕਾਬਲਿਆਂ ਵਿਚੋਂ ਕਾਫ਼ੀ ਇਨਾਮ ਹਾਸਲ ਕੀਤੇ ਪਰ ਗਾਇਕੀ ਦਾ ਸ਼ੌਕ ਇਸ ਤੋਂ ਜ਼ਿਆਦਾ ਸੀ। ਮੈਂ ਜਦੋਂ ਫਰੀਦਕੋਟ ਦੇ ਬਰਜਿੰਦਰਾ ਕਾਲਜ ਦੇ ਸਪੋਰਟਸ ਵਿੰਗ ਵਿਚ ਦਾਖ਼ਲਾ ਲਿਆ ਤਾਂ ਉਥੇ ਦੇਰ ਰਾਤ ਤੱਕ ਉੱਚੀ-ਉੱਚੀ ਗਾਉਂਦੇ ਰਹਿਣਾ। ਯਾਰਾਂ-ਦੋਸਤਾਂ ਨਾਲ ਇਸੇ ਤਰ੍ਹਾਂ ਰਿਆਜ਼ ਕਰਦੇ ਰਹਿਣਾ, ਇਸੇ ਸਾਲ ਮੈਂ ਲੋਕ ਗਾਥਾਵਾਂ 'ਮਿਰਜ਼ਾ' ਅਤੇ 'ਦੁੱਲਾ ਭੱਟੀ' 'ਚੋਂ ਜੋਨਲ ਯੂਥ ਫੈਸਟੀਵਲਾਂ 'ਚ ਇਨਾਮ ਲਏ। ਸ਼ੁਰੂਆਤੀ ਦਿਨਾਂ 'ਚ ਮੈਂ ਜਨਾਬ ਕੁਲਦੀਪ ਮਾਣਕ ਦੇ ਗੀਤ ਸੁਣਦਾ ਸੀ। ਉਨ੍ਹਾਂ ਦੇ ਗੀਤ 'ਮਾਂ ਹੁੰਦੀ ਏ ਮਾਂ' ਤੋਂ ਪ੍ਰਭਾਵਿਤ ਹੋ ਕੇ ਮੈਂ ਇਸੇ ਕੰਪੋਜੀਸ਼ਨ 'ਤੇ ਇਕ ਹੋਰ ਗੀਤ ਤਿਆਰ ਕੀਤਾ ਸੀ, ਉਹ ਮੈਂ ਅਕਸਰ ਗਾਉਂਦਾ ਹੁੰਦਾ ਸੀ।

? ਤੁਸੀਂ ਸਮੇਂ-ਸਮੇਂ 'ਤੇ ਸਮਾਜਿਕ ਬੁਰਾਈਆਂ ਬਾਰੇ ਆਪਣੀਆਂ ਟੇਪਾਂ ਵਿਚ ਗੀਤ ਸ਼ਾਮਿਲ ਕੀਤੇ ਹਨ ? ਅੱਜ ਦੇ ਸਮੇਂ ਵਿਚ ਸਰੋਤਿਆਂ ਵਲੋਂ ਐਸੇ ਗੀਤਾਂ ਨੂੰ ਕਿੰਨਾ ਕੁ ਹੁੰਗਾਰਾ ਮਿਲ ਰਿਹਾ ਹੈ ?

– ਮੈਂ ਆਪਣੀ ਟੇਪ 'ਫੁਲਕਾਰੀ' ਵਿਚ ਪੰਜਾਬ ਦੀ ਡੁੱਬਦੀ ਕਿਸਾਨੀ ਤੇ ਇਕ ਗੀਤ ਗਾਇਆ ਸੀ 'ਮਾਏ ਤੇਰਾ ਪੁੱਤ ਲਾਡਲਾ' ਇਸ ਗੀਤ ਦਾ ਫਿਲਮਾਂਕਣ ਵੀ ਲੱਖਾਂ ਰੁਪਏ ਲਗਾਕੇ ਕੀਤਾ ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਗੀਤ ਬਾਰੇ ਨਾ ਤਾਂ ਇਕ ਦੋ ਪੱਤਰਕਾਰਾਂ ਨੂੰ ਛੱਡਕੇ ਮੀਡੀਏ ਨੇ ਲਿਖਿਆ ਕਿ ਬਲਕਾਰ ਨੇ ਖੁਦਕੁਸ਼ੀਆਂ ਕਰ ਰਹੇ ਕਿਸਾਨ ਦੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਟੁੰਬਦਾ ਗੀਤ ਗਾਇਆ, ਨਾ ਹੀ ਸਰੋਤਿਆਂ ਨੇ ਪ੍ਰੋਗਰਾਮਾਂ ਵਿਚ ਇਸ ਗੀਤ ਦੀ ਸਿਫਾਰਸ਼ ਕੀਤੀ। ਦੂਰਦਰਸ਼ਨ ਉਪਰ ਵੀ ਇਹ ਪੂਰਾ ਗੀਤ ਨਹੀਂ ਦਿਖਾਇਆ ਗਿਆ। ਜੇਕਰ ਬਲਕਾਰ ਨੇ ਕੋਈ ਥੋੜ੍ਹਾ ਜਿਹਾ ਵੀ ਸੱਭਿਆਚਾਰ ਦੇ ਦਾਇਰੇ 'ਚੋਂ ਬਾਹਰ ਰਹਿਕੇ ਗੀਤ ਗਾ ਦਿੱਤਾ ਹੁੰਦਾ ਤਾਂ ਪੱਤਰਕਾਰਾਂ ਦੀ ਕਲਮ ਚੱਲ ਪੈਣੀ ਸੀ ਕਿ ਬਲਕਾਰ ਗੰਦੇ ਗੀਤ ਗਾਉਂਦਾ ਹੈ। ਜੇ ਮੈਂ ਗੀਤ ਗਾ ਦਿੰਦਾ ਕਿ ਪੁੱਤ ਲਾਡਲਾ ਨਸ਼ੇ ਕਰਦਾ ਹੈ, ਗੁੰਡਾਗਰਦੀ ਕਰਦਾ ਹੈ ਫੇਰ ਅਖ਼ਬਾਰਾਂ ਵਿਚ ਮੋਟੇ ਅੱਖਰਾਂ 'ਚ ਛਪਣਾ ਸੀ। ਪੱਤਰਕਾਰਾਂ, ਕਾਲਮ ਨਵੀਸਾਂ ਨੂੰ ਕਿਸੇ ਗਾਇਕ ਵਲੋਂ ਗਾਏ ਚੰਗੇ ਗੀਤ ਬਾਰੇ ਵੀ ਚੰਗਾ ਲਿਖਣਾ ਚਾਹੀਦਾ ਹੈ ਤਾਂ ਕਿ ਹੋਰ ਗਾਇਕ ਵੀ ਆਪਣੀ ਟੇਪ ਵਿਚ ਚੰਗੇ ਗੀਤ ਪਾਉਣ। ਜੇਕਰ ਸਰੋਤੇ ਚੰਗੇ ਗੀਤਾਂ ਨੂੰ ਪਿਆਰ ਦੇਣ ਤਾਂ ਹੀ ਗਾਇਕ ਵਧੀਆ ਗੀਤ ਗਾ ਸਕਦਾ ਹੈ ਜਦੋਂ ਚੰਗੇ ਗੀਤਾਂ ਬਾਰੇ ਮੀਡੀਆ ਕੁਝ ਨਹੀਂ ਲਿਖਦਾ ਤਾਂ ਦੂਜੇ ਗਾਇਕ ਵੀ ਸੋਚਦੇ ਹਨ ਕਿ ਬਲਕਾਰ ਨੇ ਕੀ ਖੱਟ ਲਿਆ, ਚੰਗੇ ਗੀਤ ਗਾ ਕੇ, ਸਰੋਤੇ ਤਾਂ ਸੁਣਦੇ ਨਹੀਂ, ਉਹ ਚੰਗੇ ਗੀਤ ਆਪਣੀਆਂ ਟੇਪਾਂ ਵਿਚ ਨਹੀਂ ਪਾਉਂਦੇ।

? ਤੁਹਾਡੀ ਹਰ ਟੇਪ ਵਿਚ ਤੁਹਾਡੀ ਆਵਾਜ਼ ਮੁਤਾਬਕ ਗੀਤੇ ਹੁੰਦੇ ਹਨ, ਤੁਹਾਡੀਆਂ ਟੇਪਾਂ ਲਈ ਮੈਟਰ ਦੀ ਚੋਣ ਕੌਣ ਕਰਦਾ ਹੈ ? ਕੀ ਅੱਜ ਦਾ ਵੀਡੀਓ ਫਿਲਮਾਂਕਣ ਠੀਕ ਹੋ ਰਿਹਾ ਹੈ ?

– ਪ੍ਰਮਾਤਮਾ ਦੀ ਬਖਸ਼ਿਸ਼ ਜਿਸਨੇ ਮੈਨੂੰ ਸੁਰੀਲੀ ਆਵਾਜ਼ ਅਤੇ ਸੁਰਾਂ ਦਾ ਗਿਆਨ ਦਿੱਤਾ। ਟੇਪ ਕਰਨ ਲਈ ਸਭ ਤੋਂ ਪਹਿਲਾਂ ਚੰਗੇ ਮੈਟਰ ਦੀ ਚੋਣ ਕਰਨ ਲਈ ਗੀਤਕਾਰ ਮਨਪ੍ਰੀਤ ਟਿਵਾਣਾ, ਪਿੰਕੀ ਧਾਲੀਵਾਲ ਅਤੇ ਹੋਰ ਸੂਝਵਾਨ ਸ਼ਖ਼ਸ਼ੀਅਤਾਂ ਦੀ ਟੀਮ ਮੈਟਰ ਦੀ ਚੋਣ ਕਰਦੀ ਹੈ। ਜੋ ਇਨ੍ਹਾਂ ਨੇ ਕਹਿ ਦਿੱਤਾ ਮੈਂ ਉਹੀ ਗਾਉਂਦਾ ਹੈ ਆਪਣੀ ਮਨਮਰਜ਼ੀ ਕਦੇ ਨਹੀਂ ਕੀਤੀ। ਬਾਕੀ ਮੈਂ ਫੋਕ ਬਾਰੇ ਤਾਂ ਚੰਗੀ ਸੂਝ ਰੱਖਦਾ ਹਾਂ। ਬਾਕੀ ਕਲਾਸੀਕਲ ਗਾਇਕੀ ਦਾ ਸਮੁੰਦਰ ਹੈ ਜਿਥੇ ਸਿੱਖਣਾ ਤਾਂ ਔਖਾ ਹੀ ਹੈ ਗਾਉਣਾ ਤਾਂ ਇਸ ਤੋਂ ਵੀ ਵੱਧ ਔਖਾ ਹੈ, ਗਜ਼ਲ ਨੂੰ ਗੀਤ ਬਣਾਕੇ ਕਿਵੇਂ ਗਾਇਆ ਜਾ ਸਕਦਾ ਹੈ।

? ਅੱਜ ਦੀ ਗਾਇਕੀ 'ਚ ਜੋ ਬਾਹਰ ਦੇ ਵੀਡੀਓ ਡਾਇਰੈਕਟਰ ਹੁੰਦੇ ਹਨ ਉਨ੍ਹਾਂ ਨੂੰ ਜੋ ਸਾਡੇ ਕਲਚਰ ਬਾਰੇ ਘੱਟ ਪਤਾ ਹੁੰਦਾ ਹੈ। ਗੱਲ ਚਰਖ਼ੇ ਦੀ ਹੁੰਦੀ ਹੈ ਪਰ ਚਰਖਾ ਕਿਤੇ ਦੀਂਹਦਾ ਨਹੀਂ, ਗੱਲ ਗੁੱਤ ਦੀ ਹੁੰਦੀ, ਮਾਡਲ ਦੇ ਗੁੱਤ ਹੁੰਦੀ ਨਹੀਂ, ਗੱਲ ਪੰਜਾਬਣ ਮੁਟਿਆਰ ਦੀ ਜੁੱਤੀ ਦੀ ਹੁੰਦੀ ਹੈ, ਗੀਤ ਦੇ ਫਿਲਮਾਂਕਣ ਵਿਚ ਮਾਡਲ, ਜੁੱਤੀ ਦੀ ਥਾਵੇਂ ਉੱਚੀ ਹੀਲ ਵਾਲੇ ਸੈਂਡਲ ਪਾਈ ਦਿਖਾਈ ਦਿੰਦੀ ਹੈ। ਗਾਇਕਾਂ ਦੀ ਮਜਬੂਰੀ ਵੀ ਹੁੰਦੀ ਹੈ ਕਿ ਉਸਦੇ ਗੀਤ ਫਿਲਮਾਂਕਣ ਵਿਚ ਦਰਸ਼ਕਾਂ ਦਾ ਟੇਸਟ ਬਦਲਣ ਲਈ ਅਸ਼ਲੀਲਤਾ ਪਰੋਸੀ ਜਾਂਦੀ ਹੈ। ਜੇ ਗਾਇਕ ਕੰਪਨੀ ਦਾ ਵਿਰੋਧ ਕਰਦਾ ਹੈ ਕੰਪਨੀ ਘਰ ਭੇਜ ਦਿੰਦੀ ਹੈ। ਕਲਾਕਾਰ ਨੂੰ ਮਸਾਂ ਬਰੇਕ ਮਿਲੀ ਹੁੰਦੀ ਹੈ ਇਸ ਲਈ ਕਲਾਕਾਰ ਨੂੰ ਸਮਝੌਤਾ ਕਰਨਾ ਪੈਂਦਾ ਹੈ ਇਸ ਲਈ ਅਸ਼ਲੀਲਤਾ ਪਰੋਸੀ ਜਾ ਰਹੀ ਹੈ।

? 'ਦਿਨ ਪੇਪਰਾਂ ਦੇ' ਤੋਂ 'ਹੱਸਦਿਆਂ ਦੇ ਘਰ ਵਸਦੇ' ਤੱਕ ਦਾ ਸਫ਼ਰ ਕਿਵੇਂ ਰਿਹਾ ? ਕੀ - ਕੀ ਤੁਹਾਡੀ ਗਾਇਕੀ 'ਚ ਬਦਲਾਅ ਆਇਆ ?

– 'ਦਿਨ ਪੇਪਰਾਂ ਦੇ' ਦੇ ਟੇਪ ਵਿਚ ਮੇਰਾ ਬਚਪਨਾ ਸੀ, ਉਮਰ ਦਾ ਤਕਾਜ਼ਾ ਸੀ। ਇਸ ਤੋਂ ਬਾਅਦ ਮੈਨੂੰ ਅੱਛੀ ਟੀਮ ਮਿਲੀ, ਮੇਰੇ ਨਾਲ ਬੁੱਧੀਜੀਵੀ ਜੁੜ ਗਏ। ਉਨ੍ਹਾਂ ਦੀ ਚੰਗੀ ਮੱਤ ਕਰਕੇ ਚੰਗੀ ਗਾਇਕੀ ਦਾ ਲੜ ਫੜਿਆ। ਮੈਂ ਕਦੇ ਕਿਸੇ ਅੱਗੇ ਝੁਕਿਆ ਨਹੀਂ, ਸੱਚ ਕਹਿਣ ਦੀ ਆਦਤ, ਗੀਤ ਉਹੀ ਗਾਉਣਾ ਜੋ ਪਹਿਲਾਂ ਪਰਿਵਾਰਾਂ 'ਚ ਬੈਠਕੇ ਸੁਣਾਉਣਾ, ਜੇ ਮੇਰੇ ਪਰਿਵਾਰ ਨੂੰ ਚੰਗੇ ਲੱਗੇ ਫੇਰ ਗੀਤਾਂ ਦੀ ਚੋਣ ਹੁੰਦੀ ਹੈ। ਮੈਂ ਅੱਜ ਤੋਂ 10-12 ਵਰ੍ਹੇ ਪਹਿਲਾਂ ਗੀਤ ਗਾਇਆ ਸੀ 'ਆਪਾਂ ਕੱਲੇ ਕੱਲੇ ਹੋਈਏ' ਜਿਸ ਵਿਚ ਠੰਡੀਆਂ ਹਵਾਵਾਂ ਹੋਣ, ਤੂਤਾਂ ਵਾਲਾ ਖੂਹ ਹੋਵੇ, ਭੱਤਾ ਲੈ ਕੇ ਆਵੇ ਮੇਰੇ ਬਾਪੂ ਜੀ ਦੀ ਨੂੰਹ ਹੋਵੇ। ਇਸ ਗੀਤ ਉਪਰ ਇਕ ਪ੍ਰੋਫੈਸਰ ਨੇ ਕਲਮ ਚਲਾਈ ਕਿ ਬਲਕਾਰ ਨੇ ਲੱਚਰ ਗੀਤ ਗਾਇਆ। ਮੈਂ ਮੰਨਦਾ ਕਿ ਇਹ ਗੀਤ ਮਾੜਾ ਹੋਣਾ ਪਰ ਮੈਂ ਉਸ ਸਖ਼ਸ਼ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਬਾਅਦ ਬਲਕਾਰ ਨੇ ਚੰਗੇ ਗੀਤ ਵੀ ਗਾਏ ਹਨ। ਭਰੂਣ ਹੱਤਿਆ, ਡੁੱਬਦੀ ਕਿਸਾਨੀ , ਧੀਆਂ-ਪੁੱਤਾਂ, ਰੁੱਖਾਂ ਦੀ ਗੱਲ ਵੀ ਕੀਤੀ ਹੈ ਫੇਰ ਉਸ ਨੇ ਕਲਮ ਕਿਉਂ ਨਹੀਂ ਚਲਾਈ। ਐਸੇ ਅਖੌਤੀ ਲੇਖਕਾਂ ਕਰਕੇ ਹੀ ਚੰਗਾ ਗਾਉਣ ਵਾਲੇ ਗਾਇਕ ਅੱਗੇ ਨਹੀਂ ਆ ਰਹੇ।

? ਤੁਹਾਡੀ ਨਵੀਂ ਕੈਸਿਟ 'ਹੱਸਦਿਆਂ ਦੇ ਘਰ ਵਸਦੇ' ਮਾਰਕੀਟ ਵਿਚ ਆਈ ਹੈ, ਜਲੰਧਰ ਦੂਰਦਰਸ਼ਨ ਉਪਰ ਅਖਾੜਾ ਵੀ ਆ ਚੁੱਕਾ ਹੈ ਇਸ ਕੈਸਿਟ ਬਾਰੇ ਜਾਣਕਾਰੀ ਦੇਣਾ ?

– ਮੈਂ ਆਪਣੀਆਂ ਵੱਖ-ਵੱਖ ਟੇਪਾਂ ਵਿਚ ਕੁਝ ਨਵਾਂ ਕਰਨ ਦੀ ਪਿਰਤ ਪਾਈ ਹੈ। ਜਿਵੇਂ ਉੱਚੇ ਸਕੇਲ 'ਤੇ ਦੋਗਾਣਾ ਗਾਉਣ ਦੀ ਪਿਰਤ ਪਾਈਹੈ। 'ਹੱਸਦਿਆਂ ਦੇ ਘਰ ਵਸਦੇ' ਅਖਾੜਾ ਲਾਈਵ ਨੂੰ ਅਮਰ ਆਡੀਓ ਕੰਪਨੀ ਅਤੇ ਪ੍ਰੋਡਿਊਸਰ ਪਿੰਕੀ ਧਾਲੀਵਾਲ ਵਲੋਂ ਮਾਰਕੀਟ ਵਿਚ ਉਤਾਰਿਆ ਹੈ। ਪਿੰਡਾਂ ਵਿਚ ਲਗਦੇ ਅਖਾੜੇ ਰੂਪੀ ਇਸ ਟੇਪ ਦੀ ਸ਼ੁਰੂਆਤ 'ਚ 'ਮੇਰੇ ਮਾਲਕਾ ਮੇਰੇ 'ਤੇ ਐਨੀ ਮਿਹਰ ਕਰਦੇ' ਧਾਰਮਿਕ ਗੀਤ ਤੋਂ ਕੀਤੀ ਹੈ। ਲੋਕ ਰੰਗ ਵਿਚ ਰੰਗਿਆ ਗੀਤ 'ਹੱਸਦਿਆਂ ਦੇ ਘਰ ਵਸਦੇ' ਹਰ ਖ਼ੁਸ਼ੀ ਵਿਚ ਲੱਗਣ ਵਾਲਾ ਗੀਤ ਹੈ। ਪੀਂਘਾਂ ਝੂਟਦੀਆਂ, ਨੱਚਣ ਟੱਪਣ ਵਾਲਾ ਥਰਿੱਲ ਭਰਪੂਰ ਗੀਤ ਹੈ। ਚੌਥਾ ਗੀਤ 'ਜੇ ਲਾਉਣੀ ਸੀ ਮਰ ਜਾਣੀਏ, ਨਿਭਾਉਣੀ ਕਿਉਂ ਨਾ ਸਿੱਖੀ', ਢਾਹੀ ਟੱਚ ਵਾਲਾ ਉਦਾਸ ਗੀਤ ਹੈ। 'ਪਿਆਰ ਦੀ ਸ਼ੁਰੂਆਤ' ਵਿਦੇਸ਼ਾਂ ਵਿਚ ਅਜੋਕਲ੍ਹ ਦੇ ਪੜ੍ਹਨ ਗਏ ਮੁੰਡੇ-ਕੁੜੀਆਂ ਦੀ ਪ੍ਰੇਮ ਕਹਾਣੀ ਦੀ ਤਰਜਮਾਨੀ ਕਰਦਾ ਗੀਤ ਹੈ। ਛੇਵਾਂ ਗੀਤ 'ਇਕ ਬੇਕਦਰੇ ਬੇਦਰਦੀ ਨੂੰ ਦਿਲਦਾਰ ਬਣਾ ਬੈਠੇ' ਸਾਹਿਤਕ ਰੰਗ ਵਿਚ ਗੜੁੱਚ ਉਦਾਸ ਗੀਤ ਹੈ। 'ਮਾਂ ਦੇ ਸ਼ੇਰ ਪੰਜਾਬੀਓ' ਵਿਦੇਸ਼ੀ ਧਰਤੀ 'ਤੇ ਮੱਲਾਂ ਮਾਰਨ ਵਾਲੇ ਅਤੇ ਪੰਜਾਬ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਨ ਵਾਲੇ ਪੰਜਾਬੀਆਂ ਦੀ ਸਿਫ਼ਤ ਕਰਦਾ ਹੈ। 'ਬੇਰੀਏ ਨੀ ਤੈਨੂੰ ਬੇਰ ਲੱਗਣਗੇ' ਦੋਗਾਣੇ ਵਿਚ ਸਹਿਗਾਇਕਾ ਮਨਪ੍ਰੀਤ ਅਖ਼ਤਰ ਨੇ ਸਾਥ ਦਿੱਤਾ ਹੈ। 'ਤੂੰ ਪੰਜ ਥਾਂ ਤੋਂ ਕੰਨ ਵਿੰਨ ਲਏ' ਮੁਟਿਆਰ ਦੇ ਹੁਸਨ ਦੀ ਤਾਰੀਫ਼ ਕੀਤੀ ਹੈ। ਇਸ ਕੈਸਿਟ ਦੇ ਅੱਠ ਗੀਤ ਅਤੇ ਸ਼ੇਅਰ ਪ੍ਰਸਿੱਧ ਗੀਤਕਾਰ ਮਨਪ੍ਰੀਤ ਟਿਵਾਣਾ ਨੇ ਰਚੇ ਹਨ ਜਦੋਂਕਿ ਇਕ ਗੀਤ ਅਤੇ ਸ਼ੇਅਰ ਸੰਗਦਿਲ 47 ਦੀ ਰਚਨਾ ਹੈ। ਸਮੁੱਚੀ ਕੈਸਿਟ ਨੂੰ ਸੰਗੀਤ ਦੀਆਂ ਧੁੰਨਾਂ 'ਚ ਪਰੋਇਆ ਹੈ ਸੰਗੀਤਕਾਰ ਲਾਲ ਕਮਲ ਨੇ। ਇਹ ਕੈਸਿਟ ਪਹਿਲੀਆਂ ਕੈਸਿਟਾਂ ਨਾਲੋਂ ਵਿਲੱਖਣ ਤੇ ਹਟਵੀਂ ਹੈ।

ਧਾਰਮਿਕ ਸਾਹਿਤ ਸਿਰਜਣਾ ਅਤੇ ਸੰਪਾਦਨਾ ਦਾ ਸ਼ਿਖ਼ਰ

ਰੂਪ ਸਿੰਘ

ਸਿੱਖ ਧਰਮ ਸੰਬੰਧੀ ਸਾਹਿਤ ਸਿਰਜਣਾ ਅਤੇ ਵੱਖ-ਵੱਖ ਪੁਸਤਕਾਂ ਦੀ ਸੰਪਾਦਨਾ ਬਦਲੇ ਸ: ਰੂਪ ਸਿੰਘ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸ ਸਾਲ ਦਾ ਵਿਸ਼ੇਸ਼ ਪੁਰਸਕਾਰ ਦੇਣ ਦਾ ਐਲਾਨ ਮੇਰੇ ਵਾਸਤੇ ਬਹੁਤ ਵੱਡੀ ਤਸੱਲੀ ਦਾ ਸੁਨੇਹਾ ਲੈ ਕੇ ਆਇਆ ਹੈ। ਲਿਖਾਰੀਆਂ, ਪੱਤਰਕਾਰਾਂ ਅਤੇ ਗੀਤ-ਸੰਗੀਤ ਦੇ ਵੱਖ-ਵੱਖ ਖੇਤਰਾਂ ਲਈ ਤਾਂ ਭਾਸ਼ਾ ਵਿਭਾਗ ਵੱਲੋਂ ਪਹਿਲਾਂ ਹੀ ਪੁਰਸਕਾਰ ਦਿੱਤੇ ਜਾਂਦੇ ਹਨ ਪਰ ਐਤਕੀ ਜਿਸ ਅੰਦਾਜ਼ ਨਾਲ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ: ਉਪਿੰਦਰਜੀਤ ਕੌਰ ਅਤੇ ਰਾਜ ਸਲਾਹਕਾਰ ਬੋਰਡ ਨੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਫੋਟੋ ਕਲਾਕਾਰ ਤੇਜ ਪ੍ਰਤਾਪ ਸਿੰਘ ਸੰਧੂ ਅਤੇ ਧਾਰਮਿਕ ਸਾਹਿਤ ਸਿਰਜਣਾ ਅਤੇ ਸੰਪਾਦਨਾ ਲਈ ਸ: ਰੂਪ ਸਿੰਘ ਨੂੰ 2-2 ਲੱਖ ਰੁਪਏ ਦੇ ਵਿਸ਼ੇਸ਼ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਹੈ, ਉਸ ਨਾਲ ਫਿਰ ਬਾਬੂ ਆਤਮਾ ਸਿੰਘ ਸਾਬਕਾ ਮੰਤਰੀ, ਪੰਜਾਬ ਦੀ ਯਾਦ ਸੱਜਰੀ ਹੋ ਗਈ ਹੈ। ਅਸੀਂ ਨਿੱਕੇ-ਨਿੱਕੇ ਹੁੰਦੇ ਸੀ ਜਦ ਉਨ੍ਹਾਂ ਨੇ ਲੋਕ ਸੰਪਰਕ ਵਿਭਾਗ ਵੱਲੋਂ ਸਿੱਖ ਇਤਿਹਾਸ ਅਤੇ ਪੰਜਾਬੀ ਵਿਰਾਸਤ ਸੰਬੰਧੀ ਅਣਗਿਣਤ ਪੁਸਤਕਾਂ ਦਾ ਪ੍ਰਕਾਸ਼ਨ ਕਰਵਾ ਕੇ ਪੰਜਾਬ ਸਰਕਾਰ ਦਾ ਰੌਸ਼ਨ ਮੱਥਾ ਆਮ ਲੋਕਾਂ ਦੇ ਸਨਮੁਖ ਕਰਵਾਇਆ। ਇਹ ਰਵਾਇਤ ਫਿੱਕੀ ਪੈ ਚੁੱਕੀ ਹੈ, ਉਸੇ ਬਾਬੂ ਆਤਮਾ ਸਿੰਘ ਦੀ ਧੀ ਡਾ: ਉਪਿੰਦਰਜੀਤ ਕੌਰ ਨੇ ਨਵੀਂ ਲਕੀਰ ਵਾਹੀ ਹੈ। ਅਸਲੋਂ ਨਵੀਂ ਲਕੀਰ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਐਡੀਸ਼ਨਲ ਸਕੱਤਰ ਵਜੋਂ ਕਾਰਜਸ਼ੀਲ ਸਾਡਾ ਮਿੱਤਰ ਰੂਪ ਸਿੰਘ ਭਾਗਾਂ ਵਾਲਾ ਹੈ ਜਿਸ ਨੂੰ ਇਸ ਪੁਰਸਕਾਰ ਨਾਲ ਸਤਿਕਾਰ ਦਾ ਥਾਪੜਾ ਹਾਸਿਲ ਹੋਇਆ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਖਾਨੋਵਾਲ ਵਿੱਚ ਸ: ਦਰਸ਼ਨ ਸਿੰਘ ਕਾਹਲੋਂ ਦੇ ਘਰ 20 ਅਪ੍ਰੈਲ 1963 ਨੂੰ ਪੈਦਾ ਹੋਇਆ ਰੂਪ ਪੰਜਾਬੀ ਲਿਖਾਰੀ ਅਤੇ ਆਲੋਚਕ ਡਾ: ਅਨੂਪ ਸਿੰਘ ਦਾ ਨਿੱਕਾ ਵੀਰ ਹੈ। ਸ਼ਬਦਾਂ ਨੂੰ ਪ੍ਰਣਾਏ ਇਹ ਦੋਵੇਂ ਭਰਾ ਆਪੋ ਆਪਣੇ ਖੇਤਰ ਦੀ ਸਰਦਾਰੀ ਕਰ ਰਹੇ ਹਨ। ਰੂਪ ਨੇ ਪੰਜਾਬੀ ਅਤੇ ਧਾਰਮਿਕ ਅਧਿਐਨ ਵਿੱਚ ਐਮ ਏ ਕਰਕੇ ਸ਼੍ਰੋਮਣੀ ਕਮੇਟੀ ਦੇ ਮਾਸਕ ਪੱਤਰ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਦੀ ਜਿੰਮੇਂਵਾਰੀ 1989 ਵਿੱਚ ਸੰਭਾਲੀ। ਹਰ ਮਹੀਨੇ 60 ਹਜ਼ਾਰ ਕਾਪੀਆਂ ਛਾਪਣ ਵਾਲਾ ਇਹ ਮੈਗਜ਼ੀਨ ਪੰਜਾਬੀ ਦਾ ਸਰਵੋਤਮ ਮੈਗਜ਼ੀਨ ਕਿਹਾ ਜਾ ਸਕਦਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਛਪਦੇ ਇਸ ਮੈਗਜ਼ੀਨ ਵਿੱਚ ਉਸ ਨੇ ਅਨੇਕਾਂ ਨਵੇਂ ਲੇਖਕ ਉਤਸ਼ਾਹਿਤ ਕੀਤੇ ਅਤੇ ਕਈ ਕਾਲਮ ਵੀ ਨਵੇਂ ਰੂਪ ਵਿੱਚ ਲਿਖਵਾਏ। ਰੂਪ ਸਿੰਘ ਸਿੱਖ ਇਤਿਹਾਸ ਰਿਸਰਚ ਬੋਰਡ, ਸੰਪਾਦਕ ਗੁਰਮਤਿ ਪ੍ਰਕਾਸ਼, ਇੰਚਾਰਜ ਸ਼ਤਾਬਦੀਆਂ, ਇੰਚਾਰਜ ਇੰਟਰਨੈੱਟ ਵਿਭਾਗ, ਪ੍ਰੋਫੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਮੈਨੇਜਰ ਦਰਬਾਰ ਸਾਹਿਬ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਨਿੱਜੀ ਸਕੱਤਰ ਅਤੇ ਹੋਰ ਅਨੇਕਾਂ ਜਿੰਮੇਂਵਾਰੀਆਂ ਸੰਭਾਲਣ ਉਪਰੰਤ ਇਸ ਵੇਲੇ ਹੋਰ ਵਡੇਰੀਆਂ ਜਿੰਮੇਂਵਾਰੀਆਂ ਨਿਭਾ ਰਿਹਾ ਹੈ। ਸਿੱਖ ਧਰਮ ਦੇ ਮੂਲ ਸਿਧਾਂਤ ਪੁਸਤਕ ਲਿਖ ਕੇ ਉਸ ਨੇ ਬੱਚਿਆਂ ਨੂੰ ਸਿੱਖ ਮਰਿਆਦਾ ਅਤੇ ਸਿੱਖ ਰਹਿਣੀ-ਬਹਿਣੀ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਉਸ ਦੀਆਂ ਕਿਤਾਬਾਂ ਪ੍ਰਮੁਖ ਸਖ਼ਸ਼ੀਅਤਾਂ, ਸੋ ਭਗਤ ਸਤਿਗੁਰ ਮਨ ਭਾਵੇ, ਗੁਰਦੁਆਰੇ ਗੁਰਧਾਮ (ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿੱਚ), ਸੋ ਥਾਨ ਸੁਹਾਵਾ, ਹੁਕਮਨਾਮੇ ਆਦੇਸ਼-ਸੰਦੇਸ਼ : ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਚਿੱਤਰ ਜੀਵਨੀ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਅਤੇ ਦੀਵਾਲੀ, ਭਾਈ ਜੈਤਾ: ਭਾਈ ਜੀਵਨ ਸਿੰਘ, ਭਗਤ ਰਵੀਦਾਸ, ਗੁਰੂ ਹਰਿਗੋਬਿੰਦ ਸਾਹਿਬ ਜੀਵਨ ਝਲਕੀਆਂ ਨਾਂ ਦੇ ਟਰੈਕਟ ਵੀ ਲਿਖ ਚੁੱਕਾ ਹੈ। ਸ: ਰੂਪ ਸਿੰਘ ਨੇ ਵਿਸ਼ਵ ਸਿੱਖ ਕਨਵੈਨਸ਼ਨ 1995 ਵਿੱਚ ਖੋਜ ਪੱਤਰ ਸਿੱਖ ਸੂਚਨਾ ਅਤੇ ਸੰਚਾਰ ਦੀਆਂ ਸਮੱਸਿਆਵਾਂ ਲਿਖ ਕੇ ਆਪਣੀ ਵਿਦਵਤਾ ਦਾ ਕਮਾਲ ਵਿਖਾਇਆ। ਭਾਈ ਨੰਦ ਲਾਲ ਗੋਯਾ ਦੀ ਜੀਵਨ ਕਹਾਣੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਰੰਭ ਅਤੇ ਵਿਕਾਸ, ਸਿੱਖ ਗੁਰਦੁਆਰਾ ਐਕਟ 1925, ਸਿੱਖ ਧਰਮ ਦੇ ਸਿਧਾਂਤ ਅਤੇ ਮਰਿਆਦਾ, ਬੱਧਾ ਚੱਟੀ ਜੋ ਭਰੇ, ਮਨੁੱਖਤਾ ਦਾ ਸਰਵ ਸਾਂਝਾ ਤੀਰਥ ਸ੍ਰੀ ਹਰਿਮੰਦਰ ਸਾਹਿਬ, ਸੁਖਮਨੀ ਸਾਹਿਬ ਸੰਪੂਰਨ ਜੀਵਨ ਜੁਗਤ ਅਤੇ ਪੰਥਕ ਜੀਵਨ ਅਤੇ ਸਿੱਖ ਰਹਿਤ ਮਰਿਆਦਾ ਖੋਜ ਪੱਤਰ ਲਿਖ ਕੇ ਆਪਣੀ ਯੋਗਤਾ ਨੂੰ ਸਲਾਮ ਕਰਵਾਈ। ਸ਼੍ਰੋਮਣੀ ਕਮੇਟੀ ਵੱਲੋਂ ਸਾਲਾਨਾ ਡਾਇਰੀ ਦਾ ਕਈ ਵਰ੍ਹੇ ਸੰਪਾਦਨ ਕਰਨ ਤੋਂ ਇਲਾਵਾ ਸ਼੍ਰੋਮਣੀ ਕੈਲੰਡਰ ਅਤੇ ਵੱਖ-ਵੱਖ ਯਾਦਗਾਰੀ ਪ੍ਰਕਾਸ਼ਨਾਵਾਂ ਦੀ ਸੰਪਾਦਕੀ ਜਿੰਮੇਂਵਾਰੀ ਵੀ ਨਿਭਾਈ। ਧਾਰਮਿਕ ਪੱਤਰਕਾਰੀ ਦੇ ਖੇਤਰ ਵਿੱਚ ਉਸ ਦੀ ਕਾਰਜਸ਼ੈਲੀ ਨੂੰ ਉੱਘੇ ਪੱਤਰਕਾਰਾਂ ਨੇ ਹਮੇਸ਼ਾਂ ਆਪਣੇ ਕਾਲਮਾਂ ਵਿੱਚ ਥਾਂ ਦਿੱਤੀ ਹੈ। ਉਸ ਦੀਆਂ ਲਿਖਤਾਂ ਦੇ ਰਿਵੀਊ ਕਰਨ ਵਾਲਿਆਂ ਨੇ ਵੀ ਉਸ ਨੂੰ ਸੰਤੁਲਿਤ ਲੇਖਕ ਗਰਦਾਨਿਆ ਹੈ। ਵਧੀਆ ਗੱਲ ਇਹ ਹੈ ਕਿ ਭਾਸ਼ਾ ਵਿਭਾਗ ਦਾ ਵਿਸ਼ੇਸ਼ ਪੁਰਸਕਾਰ ਹਾਸਿਲ ਕਰਨ ਤੋਂ ਪਹਿਲਾਂ ਵੀ ਉਸ ਨੂੰ ਰੋਜ਼ਾਨਾ ਅਜੀਤ ਦੇ ਮੁਖ ਸੰਪਾਦਕ ਸ: ਬਰਜਿੰਦਰ ਸਿੰਘ ਹਮਦਰਦ 22 ਨਵੰਬਰ 1992 ਨੂੰ ਹੀ ਸ਼ਲਾਘਾ ਭੇਂਟ ਕਰ ਚੁੱਕੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਉਸ ਨੂੰ 1992 ਵਿੱਚ ਗੁਰਮਤਿ ਸੰਬੰਧੀ ਪੱਤਰਕਾਰੀ ਲਈ ਯੋਗਦਾਨ ਬਦਲੇ ਸਨਮਾਨਿਤ ਕੀਤਾ। ਸੰਤ ਨਿਰੰਜਨ ਸਿੰਘ ਵੈਦ ਟਰੱਸਟ ਬੋਪਾਰਾਏ ਕਲਾਂ ਜ਼ਿਲ੍ਹਾ ਲੁਧਿਆਣਾ, ਸਿੱਖ ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ ਕੈਨੇਡਾ ਤੋਂ ਇਲਾਵਾ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਨੇ ਵੀ ਉਸ ਨੂੰ 1999 ਵਿੱਚ ਨਗਦ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰਾਂ ਨਾਲ ਸਤਿਕਾਰਿਆ। ਧਰਮ ਪ੍ਰਚਾਰ ਕਮੇਟੀ ਨੇ ਉਸ ਦੀ ਪੁਸਤਕ 'ਸੋ ਥਾਨ ਸੁਹਾਵਾ' ਨੂੰ ਸਰਵੋਤਮ ਮੰਨ ਕੇ 2004 ਵਿੱਚ 11 ਹਜ਼ਾਰ ਰੁਪਏ ਦਾ ਇਨਾਮ ਅਤੇ ਸ਼ਲਾਘਾ ਪੱਤਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੇ 2004 ਵਿੱਚ ਸ਼੍ਰੋਮਣੀ ਸਿੱਖ ਸਕਾਲਰ ਵਜੋਂ ਆਦਰ ਮਾਣ ਦਿੱਤਾ। ਪੰਜਾਬੀ ਸੱਥ ਲਾਂਬੜਾਂ ਜ਼ਿਲ੍ਹਾ ਜਲੰਧਰ ਨੇ 2005 ਵਿੱਚ ਭਾਈ ਗੁਰਦਾਸ ਪੁਰਸਕਾਰ ਦਿੱਤਾ। ਭਾਈ ਮਰਦਾਨਾ ਯਾਦਗਾਰੀ ਪੁਰਸਕਾਰ ਅਤੇ ਨਿਸ਼ਾਨੇ ਸਿੱਖੀ ਐਵਾਰਡ ਹਾਸਿਲ ਕਰਨ ਵਾਲਾ ਰੂਪ ਸਿੰਘ ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਵਿਅਕਤੀਆਂ ਦੇ ਖ਼ੂਬਸੂਰਤ ਰੇਖਾ ਚਿੱਤਰ ਲਿਖ ਕੇ ਪੁਸਤਕ ਦੀ ਤਿਆਰੀ ਵਿੱਚ ਹੈ।

ਗੁਰਭਜਨ ਗਿੱਲ

ਅਮਰੀਕਾ , ਕੈਨੇਡਾ, ਪਾਕਿਸਤਾਨ ਅਤੇ ਇੰਗਲੈਂਡ ਵਿੱਚ ਤਾਂ ਉਹ ਸਿੱਖ ਧਰਮ ਦੇ ਖੋਜੀ ਵਿਦਵਾਨ ਵਜੋਂ ਕਈ ਵਾਰ ਜਾ ਚੁੱਕਾ ਹੈ ਪਰ ਉਹ ਪਿਛਲੇ ਸਾਲ 3 ਤੋਂ 9 ਦਸੰਬਰ ਤੀਕ ਵਿਸ਼ਵ ਦੇ ਧਰਮਾਂ ਦੀ ਮੈਲਬੌਰਨ, ਆਸਟ੍ਰੇਲੀਆ ਵਿੱਚ ਹੋਈ ਇਕੱਤਰਤਾ ਅੰਦਰ ਸਿੱਖ ਧਰਮ ਦੇ ਪ੍ਰਤੀਨਿਧ ਵਜੋਂ ਸ਼ਾਮਿਲ ਹੋਣ ਨੂੰ ਜੀਵਨ ਪ੍ਰਾਪਤੀ ਮੰਨਦਾ ਹੈ। ਭਾਸ਼ਾ ਵਿਭਾਗ ਪੰਜਾਬ ਦੇ ਰਾਜ ਸਲਾਹਕਾਰ ਬੋਰਡ ਵਿੱਚ ਉਹ 1997-98 ਵਿੱਚ ਮੈਂਬਰ ਹੁੰਦਾ ਸੀ। ਆਪਣੀ ਜੀਵਨ ਸਾਥਣ ਰਮਨਦੀਪ ਕੌਰ ਅਤੇ ਬੇਟੇ ਹਰਲਿਵਲੀਨ ਸਿੰਘ ਨਾਲ 14 ਏ, ਤਹਿਸੀਲ ਪੁਰਾ ਅੰਮ੍ਰਿਤਸਰ ਵਿਖੇ ਵਸਦੇ ਰੂਪ ਸਿੰਘ ਨੂੰ ਜਦ ਮੈਂ ਇਸ ਪ੍ਰਾਪਤੀ ਤੋਂ ਬਾਅਦ ਮੁਬਾਰਕ ਦਿੰਦਿਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛਿਆ ਤਾਂ ਉਸ ਦਾ ਸਹਿਜ ਪ੍ਰਤੀਕਰਮ ਸੀ, "ਸਿੱਖ ਵਿਰਾਸਤ ਦੇ ਮੱਧਮ ਪੈ ਰਹੇ ਨਿਸ਼ਾਨ ਅਤੇ ਜਲੌ ਨੂੰ ਪ੍ਰਚੰਡ ਕਰਨਾ ਮੇਰੀ ਕੋਸ਼ਿਸ਼ ਵਿੱਚ ਹਮੇਸ਼ਾਂ ਸ਼ਾਮਿਲ ਰਹੇਗਾ"। ਰੂਪ ਸਿੰਘ ਦੀਆਂ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਨੂੰ ਸਿਰਫ਼ ਮੈਂ ਹੀ ਨਹੀਂ ਸਗੋਂ ਮੇਰਾ ਮਿੱਤਰ ਦਾਇਰਾ ਵੀ ਸਲਾਮ ਭੇਜਦਾ ਹੈ।

ਨਿੱਕੀ ਉਮਰੇ ਵੱਡੇ ਪੈਂਡੇ ਸਰ ਕਰਨ ਵਾਲੀ ਖਿਡਾਰਨ

ਹਰਮਨਪ੍ਰੀਤ ਕੌਰ ਚਾਹਲ

ਜਿਸ ਫੁੱਲ ਨੇ ਮਹਿਕਾਂ ਬਿਖੇਰਨੀਆਂ ਹੋਣ, ਜਿਸ ਗੀਤ ਨੇ ਸਾਰੀ ਫਿਜ਼ਾ ਵਿੱਚ ਗੂੰਜਣਾ ਹੋਵੇ, ਜਿਸ ਬਾਲ ਨੇ ਅੰਬਰਾਂ ਦੇ ਤਾਰੇ ਵਾਂਗ ਚਮਕਣ ਦਾ ਸੁਪਨਾ ਲਿਆ ਹੋਵੇ ਉਹ ਔਕੜਾਂ ਦੇ ਬਾਵਜੂਦ ਆਪਣਾ ਸਫ਼ਰ ਜਨਮ ਤੋਂ ਹੀ ਸ਼ੁਰੂ ਕਰ ਲੈਂਦੇ ਹਨ। ਖੇਡਾਂ ਦੇ ਖੇਤਰ ਵਿੱਚ ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੀ ਅਜਿਹੀ ਹੋਣਹਾਰ ਖਿਡਾਰਨ ਹੈ ਹਰਮਨਪ੍ਰੀਤ ਕੌਰ ਚਾਹਲ ਜਿਸ ਨੇ ਨਿੱਕੇ-ਨਿੱਕੇ ਪੈਰਾਂ ਨਾਲ ਕੱਚੇ ਰਾਹਾਂ 'ਤੇ ਦੌੜਨਾ ਸ਼ੁਰੂ ਕਰਕੇ ਹੁਣ ਅਮਰੀਕਾ ਦੇ ਅਤਿ ਆਧੁਨਿਕ ਟਰੈਕਾਂ 'ਤੇ ਆਪਣਾ ਲੋਹਾ ਮਨਵਾਇਆ। ਜ਼ਿਲ੍ਹਾ ਲੁਧਿਆਣਾ ਦੇ ਕਸਬਾ ਮਾਛੀਵਾੜਾ ਦੇ ਨਜ਼ਦੀਕ ਪਿੰਡ ਝੜੌਦੀ ਵਿੱਚ 29 ਅਪ੍ਰੈਲ 1995 ਨੂੰ ਪਿਤਾ ਗੁਰਪ੍ਰੀਤ ਸਿੰਘ ਚਾਹਲ ਦੇ ਘਰ ਮਾਤਾ ਗੁਰਮੀਤ ਕੌਰ ਦੀ ਕੁੱਖੋਂ ਜਨਮ ਲੈ ਕੇ ਅਜਿਹੀਆਂ ਪ੍ਰਾਪਤੀਆਂ ਕੀਤੀਆਂ ਜਿਸ ਨਾਲ ਮਾਪਿਆਂ ਦਾ ਨਾਂ ਏਨਾ ਰੌਸ਼ਨ ਕੀਤਾ ਕਿ ਉਹ ਆਪਣੀ ਬੇਟੀ ਤੇ ਪੁੱਤਰਾਂ ਤੋਂ ਵੱਧ ਫ਼ਖਰ ਕਰਨ ਲੱਗੇ। ਖੇਡਾਂ ਦੇ ਖੇਤਰ ਵਿੱਚ ਆਉਣ ਦੀ ਗੁੜਤੀ ਉਸ ਨੂੰ ਆਪਣੇ ਪਿਤਾ ਗੁਰਪ੍ਰੀਤ ਸਿੰਘ ਚਾਹਲ ਤੇ ਚਾਚਾ ਬਲਵਿੰਦਰ ਸਿੰਘ ਚਾਹਲ ਤੋਂ ਮਿਲੀ ਜਿਹੜੇ ਦੋਵੇਂ ਹੀ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਹਨ। ਮਾਪਿਆਂ ਨੇ ਧੀ ਨੂੰ ਬੋਝ ਮੰਨਣ ਦੀ ਬਜਾਏ ਕੁਦਰਤ ਦਾ ਅਨਮੋਲ ਤੋਹਫ਼ਾ ਸਮਝ ਕੇ ਸਿੱਖਿਆ ਅਤੇ ਹੋਰ ਸਹੂਲਤਾਂ ਦਿਵਾਉਣ ਵਿੱਚ ਕੋਈ ਕਸਰ ਨਾ ਰਹਿਣ ਦਿੱਤੀ। ਹਰਜਸ ਪਬਲਿਕ ਸਕੂਲ ਝੜੌਦੀ ਦੀ ਦਸਵੀਂ ਕਲਾਸ ਦੀ ਵਿਦਿਆਰਥਣ ਹਰਮਨਪ੍ਰੀਤ ਚਾਹਲ ਨੇ ਆਪਣੇ ਖੇਡ ਸਫ਼ਰ ਦੀ ਸ਼ੁਰੂਆਤ 11 ਸਾਲ ਦੀ ਉਮਰ ਵਿੱਚ ਸੰਨ 2006 ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿੱਚ ਹੋਈਆਂ ਖੇਡਾਂ ਵਿੱਚ ਭਾਗ ਲੈ ਕੇ ਕੀਤੀ। ਹਰਮਨਪ੍ਰੀਤ ਹੁਣ ਤੱਕ ਦਿੱਲੀ, ਬੰਗਲੌਰ, ਜੈਪੁਰ, ਫਰੀਦਾਬਾਦ ਤੇ ਲੁਧਿਆਣਾ ਵਿੱਚ ਹੋਏ ਨੈਸ਼ਨਲ ਖੇਡ ਮੁਕਾਬਲਿਆਂ ਵਿੱਚੋਂ 7 ਗੋਲਡ, 5 ਸਿਲਵਰ, 5 ਕਾਂਸੀ ਦੇ ਮੈਡਲ ਪੰਜਾਬ ਦੀ ਝੋਲੀ ਪਾ ਚੁੱਕੀ ਹੈ।

ਹੁਣ ਅਮਰੀਕਾ ਦੇ ਸ਼ਹਿਰ ਕੋਲੋਰੋਡੋ ਵਿੱਚ ਹੋਈਆਂ ਵਲਡ ਯੂਥ ਖੇਡਾਂ (40 ਦੇਸ਼ਾਂ ਵਿੱਚੋਂ) ਇੱਕ ਗੋਲਡ ਅਤੇ ਇੱਕ ਕਾਂਸੀ ਦਾ ਮੈਡਲ ਪ੍ਰਾਪਤ ਕਰਕੇ ਭਾਰਤ ਦੇਸ਼ ਦਾ ਨਾਮ ਰੌਸ਼ਨ ਕੀਤਾ। ਇਹਨਾਂ ਪ੍ਰਾਪਤੀਆਂ ਦੇ ਸਦਕਾ ਹੀ ਪੰਜਾਬ ਸਰਕਾਰ ਵੱਲੋਂ 15 ਅਗਸਤ 2009 ਨੂੰ ਸਟੇਟ ਐਵਾਰਡ ਨਾਲ ਨਿਵਾਜਿਆ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਈ ਭਾਗੋ ਐਵਾਰਡ ਨਾਲ, ਬਾਬਾ ਵਿਸ਼ਵਾ ਕਰਮਾ ਦਲ ਪੰਜਾਬ ਵਲੋਂ ਰਾਣੀ ਝਾਂਸੀ ਐਵਾਰਡ ਤੇ ਮਾਲਵਾ ਸੱਭਿਆਚਾਰਕ ਮੰਚ ਲੁਧਿਆਣਾ ਵੱਲੋਂ ਕਲਪਨਾ ਚਾਵਲਾ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹੁਣ 5 ਫ਼ਰਵਰੀ 2010 ਨੂੰ ਪੰਚਾਇਤੀ ਰਾਜ ਸਪੋਰਟਸ ਕਲੱਬ ਸਾਹਨੇਵਾਲ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਬੱਚੀ ਵੱਲੋਂ ਵੱਡੀਆਂ ਪ੍ਰਾਪਤੀਆਂ ਕਰਕੇ ਸਾਡਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਵਾਹਿਗੁਰੂ ਕਿਰਪਾ ਕਰਕੇ ਬੱਚੀ ਨੂੰ ਵੱਡੀ ਉਮਰ ਬਖ਼ਸ਼ੇ ਤੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ। ਆਮੀਨ।

ਕੇਵਲ ਸਿੰਘ ਕੱਦੋਂ

ਛੋਟੀ ਉਮਰੇ ਵੱਡੀਆਂ ਗੱਲਾਂ- ਸੁਖਜਿੰਦਰ ਸਿੰਘ

ਸੁਖਜਿੰਦਰ ਸਿੰਘ ਦਾ ਜਨਮ ਪਿੰਡ ਰਾਜੋਮਾਜਰਾ (ਸੰਗਰੂਰ) ਵਿਖੇ ਪਿਤਾ ਹਰਪ੍ਰੀਤ ਸਿੰਘ ਦੇ ਘਰ ਮਾਤਾ ਬਲਜਿੰਦਰ ਕੌਰ ਦੀ ਕੁੱਖੋਂ ਅੱਜ ਤੋਂ 13 ਕੁ ਸਾਲ ਪਹਿਲਾਂ ਹੋਇਆ। ਸੁਖਜਿੰਦਰ ਇੱਕ ਛੋਟੇ ਜਿਹੇ ਭਰਾ ਦਾ ਵੱਡਾ ਲਾਡਲਾ ਵੀਰ ਹੈ। ਅੱਜ-ਕੱਲ੍ਹ ਉਹ 6ਵੀ ਕਲਾਸ ਵਿੱਚ ਪੜ੍ਹਦਾ ਹੈ। ਏਨੀ ਛੋਟੀ ਉਮਰ ਵਿੱਚ ਹੀ ਉਸ 'ਚ ਕਈ ਗੁਣ ਭਰੇ ਹੋਏ ਹਨ। ਜੇਕਰ ਉਸ ਦੇ ਸਾਰੇ ਗੁਣਾਂ ਦੀ ਗੱਲ ਕਰੀਏ ਤਾਂ ਲਿਸਟ ਕਾਫ਼ੀ ਲੰਬੀ-ਚੌੜੀ ਹੋ ਸਕਦੀ ਹੈ ਪਰ ਉਸ ਨੇ ਆਪਣੇ ਕੋਚ ਮਾਣਮੱਤੇ ਸ੍ਰੀ ਮਨਦੀਪ ਸਿੰਘ ਤੇ ਕੁਲਦੀਪ ਸਿੰਘ ਪਾਸੋਂ ਸ੍ਰੀ ਗੁਰੂ ਨਾਨਕ ਸਪੋਰਟਸ ਕਲੱਬ ਰਾਜੋਮਾਜਰਾ ਰਾਹੀ ਚੰਗੀ ਟਰੇਨਿੰਗ ਹਾਸਲ ਕੀਤੀ ਹੋਈ ਹੈ। ਜਿਵੇਂ ਡਾਜ ਬਾਲ ਵਿੱਚੋਂ ਸੁਖਜਿੰਦਰ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇੰਟਰ ਸਕੂਲ ਵਿੱਚ ਉਸ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਉੱਥੇ ਹੀ ਉਸ ਨੂੰ ਟੂਰਨਾਮੈਂਟ ਵਿੱਚੋਂ ਵਧੀਆ ਪਲੇਅਰ ਚੁਣਿਆ ਗਿਆ। ਦੂਸਰੀ ਖੇਡ ਟੇਬਲ ਸ਼ੌਕਰ-ਵਿੱਚ ਸੁਖਜਿੰਦਰ ਸਿੰਘ ਨੇ ਨੈਸ਼ਨਲ ਪੱਧਰ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਤੇ ਤੀਸਰੀ ਖੇਡ ਕਰਾਟੇ (ਮਾਰਸਲ ਆਰਟ) ਵਿੱਚ ਉਸ ਨੇ ਜ਼ਿਲ੍ਹਾ ਪੱਧਰ ਦੇ ਹੋਏ ਮੁਕਾਬਲਿਆਂ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ ਤੇ ਸਕੂਲ ਖੇਡਾਂ ਵਿੱਚ ਉਸ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਜਦੋਂ ਕਿ ਪੰਜਾਬ ਪੱਧਰ 'ਤੇ ਕਰਵਾਏ ਕਰਾਟੇ ਮੁਕਾਬਲਿਆਂ ਵਿੱਚੋਂ ਸੁਖਜਿੰਦਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਪੰਜਾਬ ਪੱਧਰ ਸਕਾਈ ਮਾਰਸਲ ਆਰਟ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਅੱਜ-ਕੱਲ੍ਹ ਸੁਖਜਿੰਦਰ ਸਿੰਘ 6ਵੀਂ ਕਲਾਸ ਵਿੱਚ ਆਪਣੇ ਪਿੰਡ ਰਾਜੋਮਾਜਰਾ ਵਿਖੇ ਪੜ੍ਹ ਰਿਹਾ ਹੈ ਅਤੇ ਉਸ ਦੇ ਮਾਤਾ-ਪਿਤਾ ਤੇ ਦੋਵੇਂ ਕੋਚਾਂ ਮਨਦੀਪ ਸਿੰਘ ਤੇ ਕੁਲਦੀਪ ਸਿੰਘ ਨੂੰ ਉਸ ਤੋਂ ਬਹੁਤ ਜ਼ਿਆਦਾ ਆਸਾਂ ਹਨ ਤੇ ਉਨ੍ਹਾਂ ਉਸ ਨੂੰ ਵਧੀਆ ਖਿਡਾਰੀ ਬਣਾਉਣ ਲਈ ਤੇ ਪੰਜਾਬ ਦਾ ਨਾਮ ਰੌਸ਼ਨ ਕਰਵਾਉਣ ਲਈ ਦਿਨ-ਰਾਤ ਮਿਹਨਤ ਕਰਵਾਈ ਜਾ ਰਹੀ ਹੈ। ਦੂਜੇ ਪਾਸੇ ਸੁਖਜਿੰਦਰ ਨੇ ਆਪਣੇ ਮਾਤਾ-ਪਿਤਾ ਤੇ ਦੋਵਾਂ ਕੋਚਾਂ ਦਾ ਮਾਨ ਹਾਸਲ ਕਰਨ ਲਈ ਆਪਣੀ ਮਿਹਨਤ ਨੂੰ ਸਖ਼ਤ ਕਰ ਦਿੱਤਾ ਹੈ, ਜਿਵੇਂ ਸਵੇਰੇ ਜਲਦੀ ਉੱਠ ਕੇ ਕਸਰਤ ਕਰਨੀ ਤੇ ਸ਼ਾਮ ਨੂੰ ਆਪਣੀ ਪੜ੍ਹਾਈ ਪੂਰੀ ਕਰ ਕੇ ਟਰੇਨਿੰਗ ਸੈਂਟਰ ਵਿੱਚ ਰਿਹਰਸਲ ਵਗੈਰਾ ਕਰਨੀ, ਉਸ ਨੇ ਆਪਣਾ ਨਿਤ-ਨੇਮ ਬਣਾਇਆ ਹੋਇਆ ਹੈ। ਜ਼ਿਲ੍ਹੇ ਤੋਂ ਇਲਾਵਾ ਜਿੱਥੇ ਵੀ ਸੁਖਜਿੰਦਰ ਦੇ ਲੈਵਲ ਦੇ ਟੂਰਨਾਮੈਂਟ ਹੁੰਦੇ ਹਨ, ਉਹ ਆਪਣੇ ਦੋਵਾਂ ਕੋਚਾਂ ਨਾਲ ਉੱਥੇ ਪਹੁੰਚਦਾ ਹੈ ਅਤੇ ਹਮੇਸ਼ਾਂ ਹੀ ਜਿੱਤ ਹਾਸਲ ਕਰ ਕੇ ਵਾਪਸ ਆਉਂਦਾ ਹੈ। ਜੇਕਰ ਮਾਨ-ਸਨਮਾਨ ਦੀ ਗੱਲ ਕਰੀਏ ਤਾਂ ਉਸ ਦੇ ਗੱਲ ਵਿੱਚ ਪਾਏ ਮੈਡਲ ਆਪਣੇ ਆਪ ਬੋਲਦੇ ਹਨ। ਹੁਣ ਸਾਨੂੰ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਲਾਡਲੇ ਖਿਡਾਰੀਆਂ ਦਾ ਮਾਨ ਵਧਾਉਣ ਲਈ ਇਨ੍ਹਾਂ ਨੂੰ ਹੌਸਲਾ ਹਫਜਾਈ ਕਰੀਏ ਤੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਇਹੋ ਜਿਹੇ ਖਿਡਾਰੀਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਇਨ੍ਹਾਂ ਦੀ ਪੜ੍ਹਾਈ-ਲਿਖਾਈ ਤੇ ਟਰੇਨਿੰਗ ਦਾ ਖਰਚਾ ਆਪਣੇ ਸਿਰ ਲਵੇ ਤਾਂ ਕਿ ਇਹ ਪੰਜਾਬ ਦਾ ਹੀ ਨਹੀਂ, ਸਗੋਂ ਸਾਰੇ ਭਾਰਤ ਦਾ ਨਾਮ ਰੌਸ਼ਨ ਕਰਨ ਤੇ ਆਉਣ ਵਾਲੇ ਬੱਚਿਆਂ ਲਈ ਪ੍ਰੇਰਨਾ ਸਰੋਤ ਬਣਨ। – **ਜਤਿੰਦਰ ਸੰਘੇੜਾ**

ਤਿਰਸਕਾਰ ਦੀ ਵੇਦਨਾ

ਸਫੈਦ-ਪੋਸ਼ ਸਰਦਾਰੀਆਂ ਦੇ ਨਾਂਅ

ਅਜੋਕਾ ਸਮਾਜ ਅੱਜ ਤਰੱਕੀ ਦੀਆਂ ਰਾਹਾਂ 'ਤੇ ਤੁਰਨ ਦਾ ਉਪਰਾਲਾ ਕਰ ਰਿਹਾ ਹੈ ਕਿਤੇ ਮੌਜੂਦਾ ਸਰਕਾਰਾਂ ਦਾ ਯੋਗਦਾਨ ਸਮਝਿਆ ਜਾਵੇ ਜਾਂ ਮਨੁੱਖੀ ਯੋਗਦਾਨ। ਹਰ ਪਾਸੇ ਡਿਵੈੱਲਪਮੈਂਟ ਲਈਏ ਜਾਂ ਸਾਇੰਸ ਦੀ ਦੇਣ ਸਮਝੀਏ ਅਸੀਂ ਬਾਹਰਲੇ ਮੁਲਕਾਂ ਨਾਲ ਉਨ੍ਹਾਂ ਦੀ ਦੌੜ ਵਿੱਚ ਸ਼ਾਮਲ ਹੋਣ ਦਾ ਉਪਰਾਲਾ ਕਰ ਰਹੇ ਹਾਂ। ਜਦੋਂ ਅਸੀਂ ਕਿਸੇ ਵੀ ਖੇਤਰ ਵਿੱਚ ਸਫ਼ਲ ਹੋ ਜਾਂਦੇ ਹਾਂ ਤਾਂ ਕਦੀ ਵੀ ਉਸ ਦੇ ਪਿਛੋਕੜ ਵੱਲ ਝਾਤ ਮਾਰਨ ਦੀ ਕੋਸ਼ਿਸ਼ ਨਹੀਂ ਕਰਦੇ ਕਿ ਇਸ ਉਪਲਬਧੀ ਪਿੱਛੇ ਕਿਸੇ ਦਾ ਹੱਥ ਹੈ ਕਿਸ ਦੀ ਕਿੰਨੀ ਕੁਰਬਾਨੀ ਰਹੀ ਹੋਵੇਗੀ ਅਤੇ ਅਸੀਂ ਬਜਾਏ ਉਸ ਦੇ ਧੰਨਵਾਦੀ ਹੋਣ ਦੇ ਉਨ੍ਹਾਂ ਦਾ ਹਮੇਸ਼ਾ ਤਿਰਸਕਾਰ ਹੀ ਕੀਤਾ ਹੈ। ਜਿਸ ਨਾਲ ਉਸ ਮੁਕਾਮ 'ਤੇ ਪਹੁੰਚਾਉਣ ਵਾਲੇ ਨੂੰ ਯਾਦ ਰੱਖਣ ਦੀ ਬਜਾਏ ਸਨਮਾਨ ਦੇਣਾ ਤਾਂ ਦੂਰ ਉਸ ਨੂੰ ਆਪਣੇ ਆਪ ਵਿੱਚ ਹਾਰੇ ਹੋਏ ਦਾ ਅਹਿਸਾਸ ਹੀ ਕਰਵਾਇਆ ਜਾਂਦਾ ਹੈ।

ਅੱਜ ਜੇਕਰ ਦੇਖਿਆ ਜਾਵੇ ਤਾਂ ਇਸ ਸਮਾਜ ਵਿੱਚ ਔਰਤਾਂ ਦਾ ਮਨੁੱਖ ਪ੍ਰਧਾਨ ਸਮਾਜ ਵਿੱਚ ਹਮੇਸ਼ਾ ਹੀ ਤਿਰਸਕਾਰ ਹੁੰਦਾ ਦੇਖਿਆ ਗਿਆ ਹੈ ਜਦੋਂ ਤੁਸੀਂ ਕਿਸੇ ਵੀ ਅਦਾਰੇ ਵਲੋਂ ਝਾਤ ਮਾਰੋ ਭਾਵੇਂ ਉਹ ਸਰਕਾਰੀ ਅਦਾਰਾ ਹੋਵੇ ਜਾਂ ਪ੍ਰਾਈਵੇਟ ਉਸ ਵਿੱਚ ਲੜਕੀਆਂ ਦਾ ਬੁਰੀ ਤਰ੍ਹਾਂ ਸ਼ੋਸ਼ਣ ਹੁੰਦਾ ਹੈ ਜਦੋਂ ਤੁਸੀਂ ਕੁਝ ਕੁ ਲੜਕੀਆਂ ਦੀ ਜ਼ਿੰਦਗੀ ਵੱਲ ਝਾਤ ਮਾਰਨ ਦਾ ਯਤਨ ਕਰੋਗੇ ਤਾਂ ਤੁਹਾਡੇ ਰੋਂਗਟੇ ਉੱਥੇ ਹੀ ਖੜ੍ਹੇ ਹੋ ਜਾਣਗੇ ਕਿਉਂਕਿ ਜਦੋਂ ਕੋਈ ਲੜਕੀ ਜਨਮ ਲੈਂਦੀ ਹੈ ਤਾਂ ਉਸ ਦਾ ਤਿਰਸਕਾਰ ਕੀਤਾ ਜਾਂਦਾ ਹੈ ਕਿ ਜਨਮ ਹੋਣ ਤੋਂ ਪਹਿਲਾਂ ਰਿਸ਼ਤੇਦਾਰ ਹੱਥ ਜੋੜਦੇ ਦਿਖਾਈ ਦਿੰਦੇ ਹਨ। ਹੁਣ ਤਾਂ ਰੱਬ ਚੰਗੀ ਚੀਜ਼ ਹੀ ਦੇ ਦੇਵੇ। ਨੌਂ ਮਹੀਨੇ ਹਰ ਥਾਂ 'ਤੇ ਇਹੀ ਗੋਗਾ ਗਾਇਆ ਜਾਂਦਾ ਹੈ। ਜਨਮ ਦਾਤੀ ਆਪਣੇ ਆਪ ਵਿੱਚ ਨੌਂ ਮਹੀਨੇ ਜੱਦੋ ਜਹਿਦ ਵਿੱਚ ਇਹ ਦਿਮਾਗੀ ਜੰਗ ਲੜਦੀ ਹੈ ਕਿ ਹਾਏ ਜੇਕਰ ਧੀ ਹੋ ਗਈ ਤਾਂ ਕੀ ਬਣੇਗਾ ਪਰੰਤੂ ਜਿਸ ਵੇਲੇ ਡਿਲੀਵਰਾ ਹੁੰਦੀ ਹੈ ਤਾਂ ਹਸਪਤਾਲਾਂ ਵਿੱਚ ਜਨਮ ਦੇਣ ਵਾਲੀ ਗਰਭਵਤੀ ਵੱਲ ਘੱਟ ਅਤੇ ਜਨਮ ਲੈਣ ਵਾਲੇ ਜੀਵ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ ਅਤੇ ਜੇਕਰ ਡਾਕਟਰ ਆ ਕੇ ਖ਼ਬਰ ਦਿੰਦੀ ਹੈ ਕਿ ਤੁਹਾਡੇ ਘਰ ਧੀ ਹੋਈ ਹੈ ਤਾਂ ਰਿਸ਼ਤੇਦਾਰਾਂ ਦੇ ਚਿਹਰੇ ਉਸੇ ਵੇਲੇ ਉੱਤਰ ਜਾਂਦੇ ਹਨ ਅਤੇ ਉਨ੍ਹਾਂ ਨੂੰ ਧੀ ਨੂੰ ਜਨਮ ਦੇਣ ਵਾਲੀ ਕੌੜੀ ਲੱਗਣ ਲੱਗ ਜਾਂਦੀ ਹੈ ਅਤੇ ਮਾਂ ਆਪਣੇ ਆਪ ਨੂੰ ਗੁਨਾਹਗਾਰ ਸਮਝਦੀ ਹੋਈ ਤਿਰਸਕਾਰ ਨੂੰ ਝੱਲਦੀ ਹੋਈ ਆਪਣੇ ਖ਼ੂਨ ਨੂੰ ਛਾਤੀ ਨਾਲ ਲਗਾ ਕੇ ਹੀ ਉਸ ਵੇਲੇ ਤੋਂ ਹੀ ਧੀ ਦੀ ਹਮਦਰਦੀ ਮਹਿਸੂਸ ਕਰਨ ਲੱਗਦੀ ਹੈ। ਉਸ ਨੂੰ ਜਾਪਦਾ ਹੈ ਕਿ ਇਹ ਅਬੋਧ ਪ੍ਰਾਣੀ ਹੀ ਉਸ ਦੀ ਵੇਦਨਾ ਸਮਝਦਾ ਹੈ। ਉਸ ਤੋਂ ਬਾਅਦ ਦਾ ਸਫ਼ਲ ਸ਼ੁਰੂ ਹੁੰਦਾ ਹੈ। ਇੱਕ ਸੰਘਰਸ਼ ਦਾ ਜਿਵੇਂ-ਜਿਵੇਂ ਉਹ ਪੜ੍ਹਾਈ ਕਰਦੀ ਹੈ ਜਾਂ ਵੱਡੀ ਹੁੰਦੀ ਹੈ ਉਸ ਲੜਕੀ ਦਾ ਸੰਘਰਸ਼ ਵੀ ਸ਼ੁਰੂ ਹੁੰਦਾ ਜਾਂਦਾ ਹੈ ਅੱਜ ਦੇ ਕਲਯੁੱਗ ਵਿੱਚ ਵਹਿਸ਼ੀ ਦਰਿੰਦੇ ਉਮਰ ਨਹੀਂ ਵੇਖਦੇ ਅਤੇ ਉਹ ਉਨ੍ਹਾਂ ਦੇ ਸ਼ੋਸ਼ਣ ਤੋਂ ਬਚਾਉਣ ਵਾਸਤੇ ਜਿੰਨੀ ਮਾਪੇ ਕੋਸ਼ਿਸ਼ ਕਰ ਸਕਦੇ ਹਨ ਕਰਦੇ ਹਨ, ਪਰੰਤੂ ਕੁੜੀਆਂ ਦੀ ਇਸ ਸਮਾਜ ਵਿੱਚ ਫੈਲੀ ਕੁਰੀਤੀਆਂ ਵਿੱਚ ਵੇਖ-ਵੇਖ ਕੇ ਦਿਮਾਗ ਵਿੱਚ ਅਲੱਗ-ਅਲੱਗ ਤਰ੍ਹਾਂ ਦੀ ਉਪਜ ਹੁੰਦੀ ਹੈ ਅਤੇ ਉਹ ਆਪਣੇ ਜੀਵਨ ਨੂੰ ਜਿਉਣ ਦੇ ਅਲੱਗ-ਅਲੱਗ ਤਰੀਕੇ ਅਪਣਾਉਂਦੀਆਂ ਹਨ। ਕੁਝ ਕੁੜੀਆਂ ਆਪਣੇ ਆਲੇ-ਦੁਆਲੇ ਵਿੱਚ ਇੱਕ ਲਛਮਣ ਰੇਖਾ ਖਿਚ ਕੇ ਜੀਵਨ ਜਿਉਣ ਦਾ ਉਪਰਾਲਾ ਕਰਨ ਦਾ ਯਤਨ ਕਰਦੀਆਂ ਹਨ ਕਿ ਉਹ ਸਮਾਜ ਵਿੱਚ ਝੁਲਦੀਆਂ ਹਨ੍ਹੇਰੀਆਂ ਤੋਂ ਬੱਚ ਸਕਣ ਪ੍ਰੰਤੂ ਅੰਦਰ ਖਾਤੇ ਉਸ ਨੂੰ ਮੋਚਾਂ ਦੇ ਨਾਗ ਦੰਸ਼ ਨਹੀਂ ਬਖ਼ਸ਼ਦੇ ਅਤੇ ਉਹ ਘਰਦਿਆਂ ਬਾਹਰਦਿਆਂ ਤੋਂ ਵੀ ਤਿਰਸਕਾਰੀਆਂ ਜਾਂਦੀਆਂ ਹਨ ਕਿ ਇਹ ਕਾਮਯਾਬ ਨਹੀਂ ਹਨ, ਪ੍ਰੰਤੂ ਕੁਝ ਕੁੜੀਆਂ ਜਿਹੜੀਆਂ ਸਮਾਜ ਵਿੱਚ ਆਪਣੇ ਦਮ 'ਤੇ ਅੱਗੇ ਵੱਧਣ ਦਾ ਯਤਨ ਕਰਦੀਆਂ ਹਨ ਉਹ ਕਿਸ ਹੱਦ ਤੱਕ ਕਾਮਯਾਬ ਹਨ ਉਹ ਵੀ ਸਿਰਫ਼ ਉਨ੍ਹਾਂ ਦੀ ਆਤਮਾ ਹੀ ਜਾਣਦੀ ਹੈ ਜਾਂ ਚੰਦ ਕੁ ਲੋਕ ਪਰੰਤੂ ਕੁਝ ਕੁੜੀਆਂ ਇਹ ਸੋਚਦੀਆਂ ਹਨ ਕਿ ਉਹ ਮਾਂ-ਬਾਪ 'ਤੇ ਬੋਝ ਨਾ ਬਨਣ ਅਤੇ ਆਪ ਆਪਣੇ ਲੇਬਲ 'ਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਤਾਂ ਉਹ ਗ਼ਲਤ ਰਸਤਾ ਇਖ਼ਤਿਆਰ ਕਰ ਲੈਂਦੀਆਂ ਹਨ, ਪਰੰਤੂ ਅੰਦਰੋਂ-ਅੰਦਰੀ ਉਨ੍ਹਾਂ ਦੀ ਆਤਮਾ ਵੀ ਉਨ੍ਹਾਂ ਨੂੰ ਕਚੋਟਦੀ ਹੈ। ਉਨ੍ਹਾਂ ਦੇ ਅੰਦਰ ਵੀ ਕਿੰਨੇ ਤੂਫ਼ਾਨ ਚੱਲ ਰਹੇ ਹਨ ਕਿਉਂਕਿ ਜਦੋਂ ਉਹ ਕਿਸੇ ਪਾਸੇ ਕਾਮਯਾਬ ਨਹੀਂ ਹੁੰਦੀਆਂ ਤਾਂ ਉਹ ਆਪਣਾ ਆਪ ਸਮਰਪਿਤ ਕਰ ਦਿੰਦੀਆਂ ਹਨ, ਪ੍ਰੰਤੂ ਉਨ੍ਹਾਂ ਦੀ ਆਤਮਾ ਦਾ ਚੀਤਕਾਰ ਉਹ ਸਫ਼ੈਦਪੋਸ਼ ਸਰਦਾਰੀਆਂ ਨਹੀਂ ਸਮਝਦੀਆਂ ਤੇ ਉਨ੍ਹਾਂ ਦੇ ਨਸ਼ੇ ਹੇਠ ਸਭ ਕੁਝ ਦਫ਼ਨ ਹੋ ਜਾਂਦਾ ਹੈ ਕਿਤੇ ਨੌਕਰੀ ਦਾ, ਕੈਰੀਅਰ ਬਣਾਉਣ ਦਾ ਸਵਾਲ ਉੱਠਦਾ ਹੈ ਤਾਂ ਉਨ੍ਹਾਂ ਨੂੰ ਕਾਮ-ਵਾਸਨਾ ਵਾਲੀਆਂ ਲੋਲੁਪ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਸਭ ਕੁਝ ਮਨੁੱਖ ਪ੍ਰਧਾਨ ਸਮਾਜ ਵਿੱਚ ਔਰਤਾਂ ਨਾਲ ਵਾਪਰਦਾ ਹੈ ਤਾਂ ਉਨ੍ਹਾਂ ਦਾ ਮਨੋਬਲ ਨੂੰ ਠੇਸ ਪਹੁੰਚਦੀ ਹੈ। ਇੱਕ ਨਾਟਕ ਬਹੁਤ ਪਹਿਲਾਂ ਚੱਲਦਾ ਸੀ 'ਤਿਰਸਕਾਰੀ ਧੀਆਂ' ਜਿਸ ਵਿੱਚ ਨਿਰਦੇਸ਼ਕ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਇਹ ਹੀ ਦਰਸ਼ਕਾਂ ਨੂੰ ਅਪੀਲ ਕਰਦਾ ਸੀ ਕਿ ਇਹ ਨਾਟਕ ਵੇਸ਼ਵਾਵਾਂ 'ਤੇ ਅਧਾਰਿਤ ਹੈ ਪਰੰਤੂ ਕੋਈ ਇਨ੍ਹਾਂ ਕੁੜੀਆਂ ਨੂੰ ਉਸ ਰੂਪ ਵਿੱਚ ਨਾ ਦੇਖਣ ਦਾ ਯਤਨ ਕਰੇ ਬਲਕਿ ਉਨ੍ਹਾਂ ਦੇ ਜੀਵਨ ਦੀ ਥਾਹ ਤੱਕ ਪਹੁੰਚੇ ਤਾਂ ਕਿ ਦੇਖਣ ਵਾਲੇ ਦੇ ਮਨ ਵਿੱਚ ਇੱਕ ਐਸੀ ਚੇਤਨਾ ਆਵੇ ਕਿ ਅਸੀਂ ਇਸ ਦੇ ਦੁੱਖ ਦੂਰ ਕਰਨੇ ਹਨ ਜਦੋਂ ਤੁਸੀਂ ਉਸ ਦੇ ਜੀਵਨ ਨੂੰ ਇੱਕ ਪਵਿੱਤਰ ਭਾਵ ਨਾਲ ਪਰਖੋਗੇ ਤਾਂ ਤੁਹਾਨੂੰ ਇੱਕ ਆਤਮਿਕ ਸ਼ਾਂਤੀ ਮਿਲੇਗੀ। ਕਹਿਣ ਨੂੰ ਤਾਂ ਅੱਜ-ਕੱਲ੍ਹ ਸ਼ਾਇਰ ਉੱਠ ਰਹੇ ਹਨ ਦਿਨ ਪ੍ਰਤੀ ਦਿਨ ਉਨ੍ਹਾਂ ਲੇਖਕਾਂ ਅਤੇ ਸ਼ਾਇਰਾਂ ਦੀ ਗਿਣਤੀ ਵਿੱਚ ਇਜ਼ਾਫਾ ਹੋ ਰਿਹਾ ਹੈ ਜਿਹੜੇ ਨਾਰੀ 'ਤੇ ਹੋਣ ਵਾਲੀ ਅੱਤਿਆਚਾਰ ਤੇ ਆਪਣੇ ਦੁੱਖਾਂ ਦਾ ਪ੍ਰਗਟਾਵਾ ਲਿਖਦੇ ਹਨ ਅਤੇ ਉਨ੍ਹਾਂ ਦੇ ਪਿਆਰ ਦੀਆਂ ਛੱਲਾਂ ਨੂੰ ਕਾਗਜ਼ਾਂ ਵਿੱਚ ਉਲੀਕਦੇ ਹਨ ਉਹ ਕਿੱਥੋਂ ਤੱਕ ਸਫ਼ਲ ਹਨ। ਇਸ ਵਿੱਚ ਪ੍ਰਮੁੱਖ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੂੰ ਕਿੰਨੇ ਸਾਲ ਪਹਿਲਾਂ ਔਰਤਾਂ ਦੀ ਵੇਦਨਾ ਨੂੰ ਮਹਿਸੂਸ ਕਰਕੇ ਇਹ ਲਿਖਿਆ ਜਿਹੜੀਆਂ ਸਤਰਾਂ ਨੂੰ ਅੱਜ ਲੋਕ ਯਾਦ ਕਰਦੇ ਹਨ ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ, ਅੱਜ ਫੇਰ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ। ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ। ਕਹਿਣ ਦਾ ਭਾਵੇਂ ਉਸ ਸ਼ਾਇਰਾਂ ਨੇ ਉਸ ਵੇਲੇ ਹੀ ਔਰਤਾਂ ਦੇ ਤਿਰਸਕਾਰੀ ਜੀਵਨ ਨੂੰ ਮਹਿਸੂਸ ਕਰਕੇ ਆਪਣੀਆਂ ਸਤਰਾਂ ਵਿੱਚ ਉਤਾਰਿਆ ਪਰੰਤੂ ਅੱਜ ਕੱਲ੍ਹ ਦੇ ਲੇਖਕ ਸ਼ਾਇਰਾ ਦੀਆਂ ਸਤਰਾਂ ਨੂੰ ਵਾਹ-ਵਾਹ ਕਰਨ ਤੋਂ ਪਹਿਲਾਂ ਇਹ ਸੋਚੀਏ ਕਿ ਇਹ ਜਿਹੜਾ ਵਕਤਾ ਬੋਲ ਰਿਹਾ ਹੈ ਇਸ ਦੀ ਤੱਥ ਬੋਲਣ ਵਿੱਚ ਕਿੱਥੋਂ ਤੱਕ ਸਹੀ ਹਨ। ਅੱਜ ਦੀ ਜਿਹੜੀ ਲੇਖਣੀ ਹੈ ਸਿਰਫ਼ ਇੱਕ ਪਲ ਦੇ ਅਹਿਸਾਸ ਦੀ ਲਿਖਤ ਹੈ ਤਾਂ ਹੀ ਲੋਕ ਇਸ ਨੂੰ ਬਹੁਤ ਜਲਦੀ ਭੁਲ ਜਾਂਦੇ ਹਨ। ਅੱਜ-ਕੱਲ੍ਹ ਇੱਕ ਔਰਤਾਂ ਨੂੰ ਇੱਕ ਮੁੱਦਾ ਲੈ ਕੇ ਮਹਿਫ਼ਲਾਂ ਵਿੱਚ ਸਮਾਗਮਾਂ ਵਿੱਚ ਗਾਇਆ ਬੋਲਿਆ ਜਾਂਦਾ ਹੈ ਅਤੇ ਉਹ ਸਮੇਲਨ ਖ਼ਤਮ ਹੋਣ ਤੋਂ ਬਾਅਦ ਉਸੇ ਹੀ ਮੁੱਦੇ 'ਤੇ ਹਾਸੇ ਠੱਠੇ ਹੁੰਦੇ ਹਨ ਜਦੋਂ ਉਸ ਵੇਲੇ ਜਿਹੜੇ ਥੋੜ੍ਹੀ ਦੇਰ ਪਹਿਲਾਂ ਸੰਮੇਲਨ ਵਿੱਚ ਵੱਖ-ਵੱਖ ਅੰਦਾਜ਼ ਵਿੱਚ ਸਿਰ ਹਿਲਾ-ਹਿਲਾ ਕੇ ਔਰਤਾਂ 'ਤੇ ਹੋਣ ਵਾਲੇ ਜ਼ੁਰਮਾਂ ਤੇ ਦੁੱਖਾਂ ਦਾ ਪ੍ਰਗਟਾਵਾ ਕਰ ਰਹੇ ਹੁੰਦੇ ਹਨ ਅਤੇ ਪਿਆਰ ਦੀਆਂ ਪਰਿਭਾਸ਼ਾਵਾਂ ਤੇ ਅਸ਼-ਅਸ਼ ਰਹੇ ਹੁੰਦੇ ਹਨ ਉਨ੍ਹਾਂ ਦੇ ਉਸ ਤੋਂ ਬਾਅਦ ਦੇ ਰੂਪ ਅਤੇ ਅੰਦਾਜ਼ ਨੂੰ ਵੇਖ ਕੇ ਕਿਸੇ ਦੀ ਵੀ ਆਤਮਾ ਚਿਤਕਾਰ ਕਰ ਉੱਠੇ। ਇਸ ਨਾਲ ਹੀ ਔਰਤਾਂ ਦਾ ਮਨੋਬਲ ਡਿੱਗਦਾ ਹੈ ਕਿਉਂਕਿ ਜੇਕਰ ਜਿਵੇਂ ਕੋਈ ਲਿਖਦਾ ਹੈ ਉਸੇ ਤਰ੍ਹਾਂ ਹੀ ਉਸ ਨੇ ਰੂਹ ਨਾਲ ਲਿਖਿਆ, ਪੜ੍ਹਿਆ, ਸੁਣਿਆ, ਸੁਣਾਇਆ ਹੋਵੇ ਤਾਂ ਕਿਸੇ ਵੀ ਔਰਤ ਦਾ ਤਿਰਸਕਾਰ ਨਾ ਹੋਵੇ ਤਾਂ ਹਰ ਔਰਤ ਧੌਣ ਅਕੜਾ ਕੇ ਫ਼ਖ਼ਰ ਨਾਲ ਚੱਲ ਸਕਦੀ ਹੈ, ਪ੍ਰੰਤੂ ਜ਼ਰੂਰਤ ਹੈ ਤਾਂ ਪੁਰਸ਼ ਪ੍ਰਧਾਨ



ਨਿਸ਼ਾ ਸ਼ਰਮਾ ਫਾਜ਼ਿਲਕਾ

ਧਰਮ ਪ੍ਰਚਾਰ ਨੂੰ ਸਮਰਪਿਤ

ਬੀਬੀ ਕਮਲਜੀਤ ਕੌਰ ਖ਼ਾਲਸਾ ਜਲੰਧਰ ਵਾਲੇ

ਵਿਸ਼ਵ ਇਤਿਹਾਸ ਇਸ ਗੌਰਵਮਈ ਤੱਤ ਦਾ ਗਵਾਹ ਹੈ ਕਿ ਜਗਤ ਦੀਆਂ ਮਾਨਵਰ ਅਤੇ ਨਾਮਵਰ ਧਾਰਮਿਕ ਸ਼ਖ਼ਸੀਅਤਾਂ ਗੁਰੂ, ਭਗਤ, ਦਾਰਸ਼ਨਿਕ, ਮਹਾਨ, ਜਰਨੈਲ ਯੋਧੇ, ਬੁੱਧੀਜੀਵੀ, ਸੰਗੀਤ ਅਚਾਰੀਆ, ਕਾਬਲੇ ਤਾਰੀਫ਼, ਉੱਘੇ ਸਿਆਸਤਦਾਨ ਅਤੇ ਬਹੁਪੱਖੀ ਮਹਾਨ ਹਸਤੀਆਂ ਆਦਿ ਆਪਣੀ ਮਾਂ ਤੋਂ ਜਨਮ ਲੈ ਕੇ ਅਤੇ ਮਾਂ ਵਲੋਂ ਦਿੱਤੀ ਗਈ ਮੁੱਢਲੀ ਸਿੱਖਿਆ ਤੇ ਉਸ ਦੀ ਦੂਰ-ਅੰਦੇਸ਼ੀ ਸਦਕਾ ਹੀ ਮਹਾਨ ਬਣੇ ਹਨ।

ਸਿੱਖ ਕੌਮ ਨੂੰ ਬੜਾ ਮਾਣ ਹੈ ਕਿ ਸਿੱਖ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਮਹਾਨ ਤੇ ਆਦਰਸ਼ਕ ਸਿੱਖ ਇਸਤਰੀਆਂ ਸਨ ਜਿਨ੍ਹਾਂ ਦੇ ਅਦੇਸ਼ ਤੇ ਵਿਚਾਰਾਂ ਦਾ ਪ੍ਰਭਾਵ ਸਹਿਜ-ਸੁਭਾਵਕ ਹੀ ਸਿੱਖ ਗੁਰੂ ਸ਼ਖ਼ਸੀਅਤਾਂ ਨੇ ਪਰਵਾਨ ਕੀਤਾ। ਸਿੱਖ ਧਰਮ ਦੇ ਇਤਿਹਾਸ ਨੂੰ ਜਾਣਨ ਵਾਲੇ ਇਸ ਤੱਥ ਤੋਂ ਜਾਣੂ ਹਨ ਕਿ ਸਿੱਖ ਇਤਿਹਾਸ ਨਾ ਕੇਵਲ ਮਰਦਾਂ ਦੇ ਉਪਕਾਰਾਂ ਕਾਰਨਾਮਿਆਂ ਨਾਲ ਹੀ ਸ਼ੋਭ ਰਿਹਾ ਹੈ, ਸਗੋਂ ਸਿੱਖ ਇਸਤਰੀਆਂ ਦਾ ਵੀ ਇਸ ਵਿੱਚ ਅਹਿਮ ਸਥਾਨ ਹੈ। ਇਨ੍ਹਾਂ ਨੇ ਅਨੇਕਾਂ ਰੂਪਾਂ ਵਿੱਚ ਸਿੱਖੀ ਦੀ ਉਸਾਰੀ ਅਤੇ ਇਸ ਨੂੰ ਵਿਗਾਸ ਅਤੇ ਵਿਕਾਸ ਕਰਨ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ। ਇੱਥੇ ਹੀ ਬੱਸ ਨਹੀਂ, ਭਾਰਤੀ ਪ੍ਰਾਚੀਨ ਸਭਿਅਤਾ ਵਿੱਚ ਇਸਤਰੀ ਦਾ ਦਰਜਾ ਬਹੁਤ ਉੱਚਾ ਅਤੇ ਸਤਿਕਾਰ ਭਰਪੂਰ ਹੈ। ਵਿਦੇਸ਼ਾਂ ਵਿੱਚ ਸਿੱਖੀ ਦੀ ਵਿਚਾਰਧਾਰਾ ਨੂੰ ਪ੍ਰਫੁਲਿਤ ਕਰਨ ਵਿੱਚ ਪੂਰਨ ਰਹਿਤ ਦੇ ਧਾਰਨੀ ਅਤੇ ਬਾਣੀ ਬਾਣੇ ਦੇ ਪ੍ਰਤੀਕ ਅੱਜ ਦੇ ਯੁੱਗ ਵਿੱਚ ਪਰਵਾਸੀ ਬੀਬੀਆਂ ਅੰਮ੍ਰਿਤਧਾਰੀ ਹੋ ਕੇ ਸਿੱਖੀ ਵਿੱਚ ਪ੍ਰਪੱਕ ਗੁਰੂ ਮਾਰਗ 'ਤੇ ਚੱਲ ਕੇ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਵਿੱਚੋਂ ਬੀਬੀ ਕਮਲਜੀਤ ਕੌਰ ਖ਼ਾਲਸਾ ਜਲੰਧਰ ਵਾਲਿਆਂ ਦਾ ਵੀ ਸ਼ਲਾਘਾਯੋਗ ਉਚੇਚਾ ਹਿੱਸਾ ਹੈ। ਧਰਮ ਯੁੱਧ ਮੋਰਚੇ ਵਿੱਚ ਜਲੰਧਰ ਲਗਾਏ ਧਰਨਿਆਂ ਵਿੱਚ ਸ਼ਾਮਿਲ ਅਤੇ ਲੁਧਿਆਣੇ ਵਿਖੇ ਜੇਲ੍ਹ ਕੱਟਣ ਵਾਲੀ ਬੀਬੀ ਕਮਲਜੀਤ ਕੌਰ ਦਾ ਜਨਮ ਪਿਤਾ ਗਿਆਨੀ ਕਰਤਾਰ ਸਿੰਘ ਜੀ ਦੇ ਗ੍ਰਹਿ ਮਾਤਾ ਬਚਨ ਕੌਰ ਬੰਬੇ ਵਾਲਿਆਂ ਦੀ ਕੁੱਖ ਤੋਂ 16 ਅਪ੍ਰੈਲ 1951 ਨੂੰ ਜਲੰਧਰ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਤੋਂ ਉਪਰੰਤ ਗੁਰਬਾਣੀ ਦਾ ਸ਼ੁੱਧ ਪਾਠ ਅਤੇ ਕੀਰਤਨ ਦੀ ਵਿੱਦਿਆ ਆਪਣੇ ਪਿਤਾ ਕੋਲੋਂ ਪ੍ਰਾਪਤ ਕੀਤੀ। ਤਖ਼ਤ ਸ੍ਰੀ ਕੇਸਗੜ੍ਹ ਵਿਖੇ 1970 ਵਿੱਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਨਾਲ ਭਾਰਤ ਦੇ ਅਨੇਕਾਂ ਸੂਬਿਆਂ ਵਿੱਚ ਵੱਡੀਆਂ-ਵੱਡੀਆਂ ਧਾਰਮਿਕ ਸਟੇਜਾਂ 'ਤੇ ਕੀਰਤਨ ਕੀਤਾ। ਸੰਨ 1974 ਵਿੱਚ ਪਿਤਾ ਦੇ ਅਕਾਲ ਚਲਾਣੇ ਉਪਰੰਤ ਪਰਿਵਾਰ ਦਾ ਬੋਝ ਆਪ ਦੇ ਸਿਰ ਪੈ ਗਿਆ, ਜਿਸ ਕਰਕੇ ਕੁਝ ਸਮਾਂ ਆਪਣੀ ਮਾਤਾ ਦੇ ਨਾਲ ਕੀਰਤਨ ਕਰਕੇ ਘਰ ਦਾ ਨਿਰਬਾਹ ਚਲਾਉਂਦੇ ਰਹੇ। ਸੰਨ 1976 ਅਪ੍ਰੈਲ ਦੀ 20 ਨੂੰ ਆਪ ਜੀ ਦਾ ਆਨੰਦ ਕਾਰਜ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਪੰਜਾਬੀ ਲਿਖਾਰੀ ਅਤੇ ਸੱਚਖੰਡ ਵਾਸੀ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੱਥਾ ਭਿੰਡਰਾਂ ਤੋਂ ਵਿੱਦਿਆ ਪ੍ਰਾਪਤ ਉੱਥੇ ਕੀਰਤਨੀਏ ਗਿਆਨੀ ਰਣਧੀਰ ਸਿੰਘ ਸੰਭਲ ਨਾਲ ਇਤਿਹਾਸਕ ਨਗਰ ਆਧਾਰ-ਭਾਲ ਜਬਲਪੁਰ (ਮੱਧ ਪ੍ਰਦੇਸ਼) ਵਿਖੇ ਹੋਇਆ। ਸੰਭਲ ਨਾਲ ਆਪ ਬੀਬੀ ਜੀ ਨੇ, ਪੰਜਾਬ ਦੇ ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਜਲੰਧਰ, ਗੁਰਦੁਆਰਾ ਸੰਤ ਲਾਲਾ ਸਿੰਘ ਡੀ.ਸੀ. ਰੋਡ ਹੁਸ਼ਿਆਰਪੁਰ, ਗੁ. ਚਰਨ ਕਮਲ ਗੁਰਦੁਆਰਾ ਸ਼ਹੀਦ

ਫੇਰੂਮਾਨ ਜਲੰਧਰ ਤੋਂ ਇਲਾਵਾ ਜਬਲਪੁਰ, ਕਟਣੀ, ਉਜੈਨ, ਦਮੋਹ, ਖੰਡਵਾ, ਨਰ ਸਿੰਘ ਪੁਰ, ਮਥਰਾ, ਰੁੜਕੀ, ਭੁਸਾਵਲ, ਗੁਰਦੁਆਰਾ ਸੀਸ ਗੰਜ ਦਿੱਲੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਹਰੀਆਂ ਵੇਲਾਂ ਅਤੇ ਜਥੇਬੰਦੀ ਦੇ ਸਮੂਹ ਸਬੰਧਿਤ ਇਤਿਹਾਸਕ ਸਥਾਨਾਂ ਤੇ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਕੀਰਤਨ ਦੀ ਸੇਵਾ ਕਰਨ ਉਪਰੰਤ ਆਸਾਮ ਦੇ ਸ਼ਹਿਰ, ਜੋਰਹਾਟ, ਤਿਨਸੁਖੀਆ ਸ਼ਿਵ ਸਾਗਰ ਅਤੇ ਗੁਰਦੁਆਰਾ ਧੋਬੜੀ ਸਾਹਿਬ ਪਾ. ਨੌਵੀਂ (ਆਸਾਮ) ਅਤੇ ਗੁਜਰਾਤ ਦੇ ਪ੍ਰਸਿੱਧ ਸ਼ਹਿਰ ਸੂਰਤ ਲੱਗਭੱਗ ਤਿੰਨ ਸਾਲ ਗੁਰਦੁਆਰਾ ਉਧਨਾ ਵਿਖੇ ਕੀਰਤਨ ਦੀ ਸੇਵਾ ਕਰਨ ਉਪਰੰਤ 11 ਅਗਸਤ 1996 ਨੂੰ ਪਰਿਵਾਰ ਸਮੇਤ ਕੈਨੇਡਾ ਅਤੇ ਫ਼ਿਰ 1997 ਤੋਂ ਹੁਣ ਤੱਕ 13 ਸਾਲ ਹੋ ਗਏ ਹਨ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕੀਰਤਨ ਦੀ ਸੇਵਾ ਆਪਣੇ ਪਤੀ ਸੰਭਲ ਜੀ ਅਤੇ ਸਪੁੱਤਰ ਸ. ਕੁਲਤਾਰਨ ਸਿੰਘ, ਪਤਵਿੰਦਰ ਸਿੰਘ ਅਤੇ ਭਾਈ ਚਰਨਜੀਤ ਸਿੰਘ ਨਾਲ ਕਰਦੇ ਆ ਰਹੇ ਹਨ। ਗੁਰਦੁਆਰਾ ਸ੍ਰੀ ਦਸਮੇਸ਼ ਸਾਹਿਬ ਲੈਸਟਰ ਅਤੇ ਮਾਤਾ ਖੀਵੀ ਜੀ ਸਿੱਖ ਸੇਵਾ ਸੁਸਾਇਟੀ ਯੂ.ਕੇ. ਦੇ ਬੀਬੀ ਕਮਲਜੀਤ ਕੌਰ ਐਗਜੈਕਟਿਵ ਮੈਂਬਰ ਹਨ। ਹੋਰਨਾਂ ਤੋਂ ਇਲਾਵਾ ਪਿਛਲੇ ਦਿਨੀਂ ਅਕਾਸ਼ ਰੇਡੀਓ ਦੇ ਡਾਇਰੈਕਟਰ ਸ. ਸੁਖਵਿੰਦਰ ਸਿੰਘ, ਸ. ਜਰਨੈਲ ਸਿੰਘ ਰਾਣਾ ਅਤੇ ਸੰਤ ਬਾਬਾ ਨਿਹਾਲ ਸਿੰਘ ਜੀ ਨੇ ਆਪ ਜੀ ਵੱਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ।

ਜਗਤਾਰ ਸਿੰਘ